SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6



ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 22* Issue 239 | Friday, December 29, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


# ਜਗਮੀਤ ਸਿੰਘ ਨੇ ਲਿਬਰਲਾਂ ਨਾਲ ਗੱਠਜੋੜ ਸਰਕਾਰ ਬਣਾਉਣ ਤੋਂ ਕੀਤਾ ਇਨਕਾਰ



ਓਟਵਾ, 28 ਦਸੰਬਰ (ਪੋਸਟ ਬਿਊਰੋ) : ਅਗਲੀਆਂ ਫੈਡਰਲ ਚੋਣਾਂ ਵਿੱਚ ਜੇ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਦਾ ਤਾਂ ਅਜਿਹੇ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਨੇ ਲਿਬਰਲਾਂ ਨਾਲ ਗੱਠਜੋੜ ਸਰਕਾਰ ਬਣਾਉਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ।

ਸਾਲ ਦੇ ਅਖੀਰ ਵਿੱਚ ਦਿੱਤੀ ਗਈ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦਾ ਧਿਆਨ ਇਸ ਉੱਤੇ ਕੇਂਦਰਿਤ ਨਹੀਂ ਹੈ।ਅਸੀਂ ਚਾਹੁੰਦੇ ਹਾਂ ਕਿ ਪਾਰਲੀਆਮੈਂਟ ਵਿੱਚ ਕਈ ਮੁੱਦਿਆਂ ਨੂੰ ਸੁਲਝਾਇਆ ਜਾਵੇ ਤੇ ਫਿਰ ਅਸੀਂ ਜਿੱਤਣ ਲਈ ਮੈਦਾਨ ਵਿੱਚ ਨਿੱਤਰਾਂਗੇ।ਜ਼ਿਕਰਯੋਗ ਹੈ ਕਿ ਮਾਰਚ 2022 ਵਿੱਚ ਲਿਬਰਲਾਂ ਤੇ ਐਨਡੀਪੀ ਦਰਮਿਆਨ ਇੱਕ ਡੀਲ ਹੋਈ ਸੀ ਜਿਸ ਤਹਿਤ ਐਨਡੀਪੀ ਦੀ ਪਾਲਿਸੀ ਦੀਆਂ ਤਰਜੀਹਾਂ ਉੱਤੇ ਕਾਰਵਾਈ ਕਰਨ ਬਦਲੇ ਪਾਰਟੀ ਨੇ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਸਹਾਰਾ ਦੇਣ ਦਾ ਵਾਅਦਾ ਕੀਤਾ ਸੀ।

ਦੋਵਾਂ ਪਾਰਟੀਆਂ ਵੱਲੋਂ 2025 ਤੱਕ ਆਪਣੀ ਇਸ ਡੀਲ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਸ ਸਾਲ ਅਕਤੂਬਰ ਵਿੱਚ ਫੈਡਰਲ ਚੋਣਾਂ ਤੈਅ ਹਨ। ਜਗਮੀਤ ਸਿੰਘ ਨੇ ਆਖਿਆ ਕਿ ਇਸ ਡੀਲ ਨੇ ਉਨ੍ਹਾਂ ਨੂੰ ਲਿਬਰਲਾਂ ਨੂੰ ਨੇੜਿਓਂ ਜਾਨਣ ਸਮਝਣ ਦਾ ਮੌਕਾ ਦਿੱਤਾ ਤੇ ਉਹ ਇਹ ਪਤਾ ਲਾ ਸਕੇ ਕਿ ਕੈਨੇਡੀਅਨਜ਼ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਫੈਡਰਲ ਸਰਕਾਰ ਕੋਲ ਕਿੰਨੀ ਤਾਕਤ ਹੁੰਦੀ ਹੈ। ਜਗਮੀਤ ਸਿੰਘ ਨੇ ਆਖਿਆ ਕਿ ਉਹ ਸਪਸ਼ਟ ਤੌਰ ਉੱਤੇ ਇਹ ਆਖਣਾ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਲੋਕਾਂ ਲਈ ਕਾਫੀ ਕੁੱਝ ਕਰ ਸਕਦੀ ਹੈ ਪਰ ਉਹ ਕਰ ਨਹੀਂ ਰਹੀ।

ਉਨ੍ਹਾਂ ਇਹ ਵੀ ਆਖਿਆ ਕਿ ਉਹ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ ਤੇ ਇਹ ਉਨ੍ਹਾਂ ਦਾ ਟੀਚਾ ਹੈ ਕਿ ਉਹ ਅਜਿਹਾ ਕਰਕੇ ਰਹਿਣਗੇ। ਇਸ ਸਮੇਂ ਕਰਵਾਏ ਜਾ ਰਹੇ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਹਵਾ ਦਾ ਰੁਖ ਕੰਜ਼ਰਵੇਟਿਵਾਂ ਵੱਲ ਹੈ ਤੇ ਘੱਟ ਗਿਣਤੀ ਸਰਕਾਰ ਕਾਰਨ ਚੋਣਾਂ ਕਦੇ ਵੀ ਹੋ ਸਕਦੀਆਂ ਹਨ। ਇਸ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅਜਿਹਾ ਹੋਣ ਪਿੱਛੇ ਉਨ੍ਹਾਂ ਨੂੰ ਕੋਈ ਕਾਰਨ ਨਜ਼ਰ ਨਹੀਂ ਆ ਰਿਹਾ।

ਟਰੂਡੋ ਨੇ ਇਹ ਵੀ ਆਖਿਆ ਕਿ ਫੈਡਰਲ ਚੋਣਾਂ ਤੋਂ ਬਾਅਦ ਗੱਠਜੋੜ ਸਰਕਾਰ ਬਣਾਉਣ ਬਾਰੇ ਉਨ੍ਹਾਂ ਐਨਡੀਪੀ ਨਾਲ ਗੱਲਬਾਤ ਨਹੀਂ ਕੀਤੀ। ਉਨ੍ਹਾਂ ਆਖਿਆ ਕਿ ਪਹਿਲਾਂ ਕੈਨੇਡੀਅਨਜ਼ ਨੂੰ ਇਹ ਫੈਸਲਾ ਕਰਨ ਦੇਣਾ ਚਾਹੀਦਾ ਹੈ ਕਿ ਉਹ ਕਿਹੋ ਜਿਹੀ ਪਾਰਲੀਆਮੈਂਟ ਚਾਹੁੰਦੇ ਹਨ, ਅਸੀਂ ਫਿਰ ਬਾਅਦ ਵਿੱਚ ਵੇਖਾਂਗੇ ਕਿ ਕੀ ਕਰਨਾ ਹੈ।



## ਬਰਫ ਦੀ ਪਰਤ ਟੁੱਟਣ ਕਾਰਨ ਪਾਣੀ ਵਿੱਚ ਡਿੱਗੇ ਚਾਰ ਟੀਨੇਜਰਜ਼ ਵਿੱਚੋਂ ਇੱਕ ਦੀ ਹੋਈ ਮੌਤ, ਇੱਕ ਲਾਪਤਾ, ਦੋ ਬਚੇ

ਓਟਵਾ, 28 ਦਸੰਬਰ (ਪੋਸਟ ਬਿਊਰੋ) : ਓਟਵਾ ਵਿੱਚ ਦੱਖਣ ਵੱਲ ਰਿਡੋ ਰਿਵਰ ਦੀ ਬਰਫ ਵਿੱਚੋਂ ਹੇਠਾਂ ਵਗ ਜਾਣ ਕਾਰਨ ਇੱਕ ਟੀਨੇਜਰ ਦੀ ਮੌਤ ਹੋ ਗਈ ਤੇ ਦੂਜੇ ਦੀ ਭਾਲ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।





ਬੁੱਧਵਾਰ ਰਾਤ ਨੂੰ 11:44 ਉੱਤੇ ਐਮਰਜੰਸੀ ਅਮਲੇ ਨੂੰ ਕਾਲ ਕਰਕੇ ਮੈਨੋਟਿਕ ਨੇੜੇ ਨਿਕੋਲਸ ਆਈਲੈਂਡ ਰੋਡ ਦੇ ਨਾਲ ਜੰਮੀ ਹੋਈ ਬਰਫ ਉੱਤੇ ਤੁਰੇ ਜਾ ਰਹੇ ਚਾਰ ਟੀਨੇਜਰ ਦੇ ਬਰਫ ਦੀ ਪਰਤ ਟੁੱਟਣ ਕਾਰਨ ਨਦੀ ਵਿੱਚ ਜਾ ਡਿੱਗਣ ਦੀ ਜਾਣਕਾਰੀ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਦੋ ਨੌਜਵਾਨਾਂ ਨੂੰ ਫਰਸਟ ਰਿਸਪਾਂਡਰਜ਼ ਵੱਲੋਂ ਬਚਾਅ ਲਿਆ ਗਿਆ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਪੈਰਾਮੈਡਿਕਸ ਅਨੁਸਾਰ ਇੱਕ 15 ਸਾਲਾ ਲੜਕੀ ਤੇ 17 ਸਾਲਾ ਲੜਕੇ ਦਾ ਮਾਮੂਲੀ ਹਾਈਪੋਥਰਮੀਆ ਦਾ ਇਲਾਜ ਕੀਤਾ ਗਿਆ। ਵੀਰਵਾਰ ਸਵੇਰੇ ਓਟਵਾ ਪੁਲਿਸ ਨੇ ਇੱਕ ਬਿਆਨ ਵਿੱਚ ਆਖਿਆ ਕਿ ਦੋ ਹੋਰ ਟੀਨੇਜਰ ਜਿਨ੍ਹਾਂ ਵਿੱਚੋਂ ਇੱਕ 16 ਸਾਲਾ ਲੜਕਾ ਤੇ ਦੂਜਾ 17 ਸਾਲਾ ਲੜਕਾ ਸੀ, ਵਿੱਚੋਂ ਇੱਕ ਅਜੇ ਵੀ ਲਾਪਤਾ ਹੈ ਤੇ ਉਸ ਦੇ ਬਰਫ ਹੇਠਾਂ ਪਾਣੀ ਵਿੱਚ ਹੋਣ ਦੀ ਸੰਭਾਵਨਾ ਹੈ।

ਇਨ੍ਹਾਂ ਦੋਵਾਂ ਨੂੰ ਲੱਭਣ ਲਈ ਰਾਤ ਭਰ ਰੈਸਕਿਊ ਆਪਰੇਸ਼ਨ ਚਲਾਇਆ ਗਿਆ। ਪੁਲਿਸ ਨੇ ਦੱਸਿਆ ਕਿ ਮਰੀਨ ਯੂਨਿਟ ਤੇ ਓਟਵਾ ਫਾਇਰ ਵਾਟਰ ਰੈਸਕਿਊ ਯੂਨਿਟ ਵੱਲੋਂ ਸਾਰੀ ਰਾਤ ਇਲਾਕੇ ਦੀ ਛਾਣਬੀਣ ਕੀਤੀ ਗਈ। ਇੱਕ ਲਾਪਤਾ ਲੜਕੇ ਦੀ ਲਾਸ਼ ਤਾਂ ਮਿਲ ਗਈ ਪਰ ਦੂਜਾ ਅਜੇ ਵੀ ਲਾਪਤਾ ਹੈ। ਦੂਜੇ ਲੜਕੇ ਦੀ ਭਾਲ ਵੀਰਵਾਰ ਸਵੇਰ ਤੋਂ ਸ਼ੁਰੂ ਕਰ ਦਿੱਤੀ ਗਈ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 65 ਸਾਲਾ ਵਿਅਕਤੀ ਜ਼ਖ਼ਮੀ

ਟੋਰਾਂਟੋ, 29 ਦਸੰਬਰ (ਪੋਸਟ ਬਿਊਰੋ) : ਵੀਰਵਾਰ ਸ਼ਾਮ ਨੂੰ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 65 ਸਾਲਾ ਰਾਹਗੀਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਐਮਰਜੰਸੀ ਅਧਿਕਾਰੀਆਂ ਵੱਲੋਂ ਦਿੱਤੀ ਗਈ।



ਟੋਰਾਂਟੋ ਪੁਲਿਸ ਸਰਵਿਸ ਦੀ ਸੋਸ਼ਲ ਮੀਡੀਆ ਪੋਸਟ ਅਨੁਸਾਰ ਇਹ ਘਟਨਾ ਰਾਤੀਂ 7:10 ਤੋਂ ਬਾਅਦ ਡਫਰਿਨ ਸਟਰੀਟ ਤੇ ਡੰਡਾਸ ਸਟਰੀਟ ਵੈਸਟ ਦੇ ਇੰਟਰਸੈਕਸ਼ਨ ਨੇੜੇ ਵਾਪਰੀ। ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਦੇ ਬੁਲਾਰੇ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਤੇ ਗੱਡੀ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਕਈ ਗੱਡੀਆਂ ਦੀ ਟੱਕਰ ਵਿੱਚ 4 ਜ਼ਖ਼ਮੀ



ਬਰੈਂਪਟਨ, 28 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਜ਼ਖ਼ਮੀ ਹੋਏ ਘੱਟੋ ਘੱਟ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਵੀਰਵਾਰ ਸਵੇਰੇ 11:00 ਵਜੇ ਦੇ ਨੇੜੇ ਤੇੜੇ ਕੁਈਨ ਸਟਰੀਟ ਈਸਟ ਤੇ ਗੋਰਵੇਅ ਡਰਾਈਵ ਇਲਾਕੇ ਵਿੱਚ ਪੀਲ ਪੁਲਿਸ ਨੂੰ ਸੱਦਿਆ ਗਿਆ। ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਦਕਿ ਬਾਕੀ ਤਿੰਨਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਹਾਦਸੇ ਵਿੱਚ ਕੋਈ ਹਰ ਵੀ ਜ਼ਖ਼ਮੀ ਹੋਇਆ ਹੈ ਜਾਂ ਨਹੀਂ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਹਾਦਸੇ ਵਿੱਚ ਸ਼ਾਮਲ ਸਾਰੀਆਂ ਗੱਡੀਆਂ ਮੌਕੇ ਉੱਤੇ ਮੌਜੂਦ ਸਨ, ਹਾਦਸੇ ਦੇ ਕਾਰਨਾਂ ਦਾ ਵੀ ਪਤਾ ਨਹੀਂ ਲਗ ਸਕਿਆ ਹੈ। ਪੁਲਿਸ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਇੱਕ ਵਿਅਕਤੀ ਦੀ ਮੌਤ ਦੇ ਸਬੰਧ ਵਿੱਚ ਭਾਰਤੀ ਮੂਲ ਦੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 28 ਦਸੰਬਰ (ਪੋਸਟ ਬਿਊਰੋ) : ਐਗਲਿੰਟਨ ਐਵਨਿਊ ਵੈਸਟ ਤੇ ਡਫਰਿਨ ਰੋਡ ਨੇੜੇ ਇੱਕ ਡੰਪ ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਨਵੰਬਰ ਵਿੱਚ ਹੋਈ ਮੌਤ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਨੇ ਬਰੈਂਪਟਨ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਹੈ।




13 ਨਵੰਬਰ ਨੂੰ ਸਵੇਰੇ 10:30 ਵਜੇ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਘਟਨਾ ਵਾਲੀ ਥਾਂ ਉੱਤੇ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਡੰਪ ਟਰੱਕ ਐਗਲਿੰਟਨ ਉੱਤੇ ਪੱਛਮ ਵੱਲ ਜਾ ਰਿਹਾ ਸੀ ਜਦੋਂ ਇੰਟਰਸੈਕਸ਼ਨ ਤੋਂ ਲੰਘ ਰਹੇ 53 ਸਾਲਾ ਵਿਅਕਤੀ ਨਾਲ ਟਕਰਾ ਗਿਆ। ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ।

## ਵਿਦੇਸ਼ ਮੰਤਰੀ ਜੈਸ਼ੰਕਰ ਨੇ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਕੀਤੀ ਮੁਲਾਕਾਤ ਕੀਤੀ

### ਪੁਤਿਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਰੂਸ ਆਉਣ ਦਾ ਦਿੱਤਾ ਸੱਦਾ

ਮਾਸਕੋ, 28 ਦਸੰਬਰ (ਪੋਸਟ ਬਿਊਰੋ): ਰੂਸ ਦੇ ਦੌਰੇ 'ਤੇ ਆਏ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਬੁੱਧਵਾਰ ਨੂੰ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਹਾਂ ਨੇਤਾਵਾਂ ਨੇ ਯੂਕਰੇਨ ਯੁੱਧ ਸਮੇਤ ਕਈ ਮੁੱਦਿਆਂ 'ਤੇ ਚਰਚਾ ਕੀਤੀ। ਰਾਸ਼ਟਰਪਤੀ ਪੁਤਿਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਗਲੇ ਸਾਲ ਰੂਸ ਆਉਣ ਦਾ ਸੱਦਾ ਦਿੱਤਾ ਹੈ।



ਪੁਤਿਨ ਨੇ ਜੈਸ਼ੰਕਰ ਨੂੰ ਕਿਹਾ ਕਿ ਅਸੀਂ ਆਪਣੇ ਦੋਸਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰੂਸ 'ਚ ਦੇਖਣਾ ਪਸੰਦ ਕਰਾਂਗੇ। ਉਨ੍ਹਾਂ ਕਿਹਾ ਕਿ ਦੁਨੀਆਂ 'ਚ ਕਾਫੀ ਉਥਲ-ਪੁਥਲ ਚੱਲ ਰਹੀ ਹੈ, ...ਬਾਕੀ ਪੰਨਾ 2 'ਤੇ


MagGas Medical Brampton
MGM MAGGAS MEDICAL INC.
Helping you breathe deep and rest easy.
- CPAP ਮਸ਼ੀਨਾਂ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਬੱਤੀ ਲਾਲ ਤਾਂ ਲਾਈਨ ਬੱਸ ਗੱਡੀਆਂ ਦੀ,
ਅੱਗੇ ਲੰਘਣ ਦਾ ਕੋਈ ਨਹੀਂ ਰਾਹ ਮੀਆਂ।
ਫੜਿਆ ਹੱਥੀਂ ਮੋਬਾਈਲ ਸੀ ਸਾਰਿਆਂ ਦੇ,
ਗੱਲਾਂ ਕਰਦਿਆਂ ਆਵੇ ਨਹੀਂ ਸਾਹ ਮੀਆਂ।
ਖੱਬੇ-ਸੱਜੇ ਕੋਈ ਲੰਘਣ ਦਾ ਰਾਹ ਭਾਲਣ,
ਫਸਵੀਂ ਭੀੜ ਵਿੱਚ ਜ਼ਰਾ ਨਾ ਵਾਹ ਮੀਆਂ।
ਮੁੜ-ਮੁੜ ਝਾਕਦੇ ਸਾਰੇ ਨੇ ਟਾਈਮ ਵੰਨੀਂ,
ਹੋਵੇ ਪਿਆ ਜਿਉਂ ਗਲੇ ਵਿੱਚ ਫਾਹ ਮੀਆਂ।
ਫਸੇ ਹੋਇਆਂ ਨੇ ਕਹਿੰਦੇ ਹਨ ਫਟਕਣਾ ਕੀ,
ਐਵੇਂ ਹਾਰਨ ਖੜਕਾਈ ਜਿਹਾ ਜਾਣ ਮੀਆਂ।
ਹਾਰਨ ਖੜਕਦੇ, ਹੋਣੀ ਨਹੀਂ ਸੜਕ ਖਾਲੀ,
ਖਿਝਿਆਂ ਹੋਇਆਂ ਦੀ ਖਿਝ ਵਧਾਣ ਮੀਆਂ।

**ਤੀਸ ਮਾਰ ਖਾਂ**

# ਅਮਰੀਕਾ ਵਿਚ 2 ਬੱਚਿਆਂ ਸਮੇਤ ਭਾਰਤੀ ਮੂਲ ਦੇ ਇੱਕ ਪਰਿਵਾਰ ਦੇ 6 ਜੀਆਂ ਦੀ ਸੜਕ ਹਾਦਸੇ ਵਿਚ ਮੌਤ

ਟੈਕਸਾਸ, 28 ਦਸੰਬਰ (ਪੋਸਟ ਬਿਊਰੋ): ਇਕ ਭਾਰਤੀ ਬਜ਼ੁਰਗ ਆਪਣੇ ਪੋਤੇ-ਪੋਤੀਆਂ ਨੂੰ ਮਿਲਣ ਅਮਰੀਕਾ ਗਿਆ ਹੋਇਆ ਸੀ। ਜਦੋਂ ਬਜ਼ੁਰਗ ਆਪਣੇ ਪੋਤੇ-ਪੋਤੀਆਂ ਨੂੰ ਮਿਲਣ ਲਈ ਟੈਕਸਾਸ ਪਹੁੰਚੇ ਤਾਂ ਬੱਚਿਆਂ 'ਚ ਖੁਸ਼ੀ ਦੀ ਲਹਿਰ ਦੌੜ ਗਈ। ਪਰਿਵਾਰਕ ਅਤੇ ਹੋਰ ਮਾਮਲਿਆਂ ਨੂੰ ਲੈ ਕੇ ਕਾਫੀ ਚਰਚਾ ਹੋਈ। ਸਾਰੇ ਬਹੁਤ ਖੁਸ਼ ਸਨ। ਬਜ਼ੁਰਗ ਦੀ ਆਪਣੇ ਪੋਤੇ-ਪੋਤੀਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਹੋਈ ਇਹ ਮੁਲਾਕਾਤ ਉਸ ਦੀ ਆਖਰੀ ਸਾਬਤ ਹੋਈ। ਸੜਕ ਹਾਦਸੇ 'ਚ ਪਰਿਵਾਰ ਦੇ ਸਾਰੇ 6 ਜੀਆਂ ਦੀ ਮੌਤ ਹੋ ਗਈ। ਇਸ ਤੋਂ ਹਰ ਕੋਈ ਹੈਰਾਨ ਹੈ। ਟੈਕਸਾਸ 'ਚ ਹੋਏ ਇਸ ਹਾਦਸੇ ਤੋਂ ਬਾਅਦ ਉਸ ਮਾਰਗ 'ਤੇ 67 ਘੰਟਿਆਂ ਤੱਕ ਆਵਾਜਾਈ ਪ੍ਰਭਾਵਿਤ ਰਹੀ। ਇਸ ਤੋਂ ਹਾਦਸੇ ਦੀ ਗੰਭੀਰਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।



ਜਾਣਕਾਰੀ ਮੁਤਾਬਕ ਟੈਕਸਾਸ 'ਚ ਹੋਏ ਇਸ ਭਿਆਨਕ ਸੜਕ ਹਾਦਸੇ 'ਚ 2 ਬੱਚਿਆਂ ਸਮੇਤ ਭਾਰਤੀ ਮੂਲ ਦੇ ਇਕ ਪਰਿਵਾਰ ਦੇ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ (ਡੀਪੀਐੱਸ) ਨੇ ਕਿਹਾ ਕਿ ਇਹ ਹਾਦਸਾ ਮੰਗਲਵਾਰ ਸ਼ਾਮ ਨੂੰ ਵਾਪਰਿਆ ਜਦੋਂ ਜੌਨਸਨ ਕਾਉਂਟੀ ਨੇੜੇ ਇੱਕ ਵੈਨ ਅਤੇ ਇੱਕ ਟਰੱਕ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਵੈਨ 'ਚ ਇਕ ਹੀ ਪਰਿਵਾਰ ਦੇ 7 ਲੋਕ ਸਵਾਰ ਸਨ ਅਤੇ ਲੋਕੇਸ਼ ਪੋਤਾਬਥੁਲਾ (43) ਨਾਮ ਦਾ ਸਿਰਫ ਇਕ ਵਿਅਕਤੀ ਹੀ ਬਚਿਆ, ਉਹ ਗੰਭੀਰ ਜ਼ਖਮੀ ਹੈ। ਡੀਪੀਐੱਸ ਨੇ ਬੁੱਧਵਾਰ ਨੂੰ ਵੈਨ ਡਰਾਈਵਰ ਦੀ ਪਹਿਚਾਣ ਇਰਵਿੰਗ ਦੇ ਰੁਸ਼ੀਲ ਬੈਰੀ (28) ਵਜੋਂ ਕੀਤੀ।



ਭਾਰਤੀ ਮੂਲ ਦੇ ਇਸ ਪਰਿਵਾਰ ਵਿੱਚ ਮਰਨ ਵਾਲਿਆਂ ਦੀ ਪਹਿਚਾਣ ਨਵੀਨਾ ਪੋਟਾਬਥੁਲਾ (36), ਨਾਗੇਸ਼ਵਰ ਰਾਓ ਪੋਨਾਡ (64), ਸੀਤਾਮਹਾਲਕਸ਼ਮੀ ਪੋਨਾਡ (60), ਕਾਰਤਿਕ ਪੋਤਾਬਥੁਲਾ (10) ਅਤੇ ਨਿਸ਼ਿਧਾ ਪੋਟਾਬਥੁਲਾ (9) ਵਜੋਂ ਹੋਈ ਹੈ। ਕੌਂਸਲੇਟ ਜਨਰਲ ਨੇ ਦੱਸਿਆ ਕਿ ਬਜ਼ੁਰਗ ਵਿਅਕਤੀ ਆਪਣੀ ਬੇਟੀ ਨਵੀਨਾ ਅਤੇ ਪੋਤੇ ਕਾਰਤਿਕ ਅਤੇ ਨਿਸ਼ਿਤਾ ਨੂੰ ਮਿਲਣ ਲਈ ਭਾਰਤ ਤੋਂ ਆਇਆ ਸੀ।

## ਵਿਦੇਸ਼ ਮੰਤਰੀ ਜੈਸ਼ੰਕਰ ਨੇ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਕੀਤੀ ਮੁਲਾਕਾਤ ਕੀਤੀ

ਪੰਨਾ 1 ਦਾ ਬਾਕੀ

ਇਸ ਦੇ ਬਾਵਜੂਦ ਰੂਸ ਅਤੇ ਭਾਰਤ ਦੇ ਰਿਸ਼ਤੇ ਮਜ਼ਬੂਤ ਹੋ ਰਹੇ ਹਨ। ਭਾਰਤ ਦੇ ਲੋਕ ਤੇਜ਼ੀ ਨਾਲ ਵਿਕਾਸ ਕਰ ਰਹੇ ਹਨ।

ਪੁਤਿਨ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਯੂਕਰੇਨ ਯੁੱਧ ਦੀ ਸਥਿਤੀ ਬਾਰੇ ਕਈ ਵਾਰ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੈਂ ਜਾਣਦਾ ਹਾਂ ਕਿ ਮੋਦੀ ਇਸ ਸੰਕਟ ਦਾ ਸ਼ਾਂਤੀਪੂਰਨ ਹੱਲ ਚਾਹੁੰਦੇ ਹਨ। ਮੈਂ ਉਨ੍ਹਾਂ ਨਾਲ ਇਸ ਮੁੱਦੇ 'ਤੇ ਚਰਚਾ ਕਰਨਾ ਚਾਹੁੰਦਾ ਹਾਂ। ਪੁਤਿਨ ਨੇ ਵਿਦੇਸ਼ ਮੰਤਰੀ ਨੂੰ ਕਿਹਾ ਕਿ ਭਾਰਤ ਦਾ ਕੈਲੰਡਰ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਕਾਰਣ ਵਿਅਸਤ ਲੱਗ ਰਿਹਾ ਹੈ। ਹਾਲਾਂਕਿ, ਜੋ ਵੀ ਜਿੱਤਦਾ ਹੈ, ਰੂਸ ਅਤੇ ਭਾਰਤ ਦੇ ਸਬੰਧ ਸਥਿਰ ਰਹਿਣਗੇ।

ਜੈਸ਼ੰਕਰ ਰੂਸ ਵਿੱਚ ਭਾਰਤ ਦੇ ਰਾਜਦੂਤ ਵੀ ਰਹਿ ਚੁੱਕੇ ਹਨ। ਬੁੱਧਵਾਰ ਨੂੰ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਦੌਰਾਨ ਦੋਹਾਂ ਨੇਤਾਵਾਂ ਵਿਚਾਲੇ ਅੰਤਰਰਾਸ਼ਟਰੀ ਮੁੱਦਿਆਂ, ਭਾਰਤ-ਰੂਸ ਸਬੰਧਾਂ, ਵਪਾਰ ਅਤੇ ਯੂਕਰੇਨ ਮੁੱਦੇ 'ਤੇ ਭਾਰਤ ਦੇ ਸਟੈਂਡ 'ਤੇ ਚਰਚਾ ਹੋਈ।

ਰੂਸ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਿਰਫ ਤੇਲ, ਕੋਲਾ ਅਤੇ ਊਰਜਾ ਨਾਲ ਸਬੰਧਤ ਉਤਪਾਦਾਂ ਤੱਕ ਸੀਮਤ ਨਹੀਂ ਹੈ, ਸਗੋਂ ਉੱਚ ਤਕਨੀਕੀ ਮਾਮਲਿਆਂ ਵਿੱਚ ਵੀ ਸਬੰਧ ਅੱਗੇ ਵੱਧ ਰਹੇ ਹਨ।

## ਫਰਾਂਸ ਵਿੱਚ ਰੁਕੇ 25 ਭਾਰਤੀ ਵੀ ਭੇਜੇ ਜਾਣਗੇ ਵਾਪਿਸ, ਕੋਰਟ ਨੇ ਸ਼ਰਨ ਮੰਗਣ ਦੀ ਅਰਜ਼ੀ ਕੀਤੀ ਖਾਰਿਜ

ਪੈਰਿਸ, 28 ਦਸੰਬਰ (ਪੋਸਟ ਬਿਊਰੋ): ਫਰਾਂਸ ਵਿਚ ਮਨੁੱਖੀ ਤਸਕਰੀ ਦੇ ਦੋਸ਼ ਵਿਚ ਰੋਕੇ ਗਏ 303 ਭਾਰਤੀਆਂ ਵਿਚੋਂ 276 ਮੰਗਲਵਾਰ (26 ਦਸੰਬਰ) ਨੂੰ ਭਾਰਤ ਪਰਤ ਆਏ ਸਨ। ਹੁਣ ਬਾਕੀ ਰਹਿੰਦੇ 25 ਭਾਰਤੀਆਂ ਨੂੰ ਵੀ ਵਾਪਿਸ ਭਾਰਤ ਭੇਜਿਆ ਜਾਵੇਗਾ। ਦਰਅਸਲ, ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਇਨ੍ਹਾਂ 25 ਭਾਰਤੀਆਂ ਨੇ ਫਰਾਂਸ ਵਿੱਚ ਸ਼ਰਨ ਮੰਗੀ ਹੈ ਅਤੇ ਉਹ ਉੱਥੇ ਹੀ ਰਹਿ ਗਏ ਹਨ।

ਏਐੱਫਪੀ ਮੁਤਾਬਕ ਇਨ੍ਹਾਂ ਲੋਕਾਂ ਨੂੰ ਫਰਾਂਸ ਦੇ ਜੱਜ ਨੇ ਬੁੱਧਵਾਰ ਨੂੰ ਰਿਹਾਅ ਵੀ ਕਰ ਦਿੱਤਾ। ਇਨ੍ਹਾਂ ਲੋਕਾਂ ਨੂੰ ਰਸਮੀ ਆਧਾਰ 'ਤੇ ਰਿਹਾਅ ਕੀਤਾ ਗਿਆ ਹੈ। ਪੈਰਿਸ ਦੇ ਜੱਜ ਨੇ ਕਿਹਾ ਕਿ ਫਰਾਂਸ ਦੇ ਚਾਰਲਸ ਡੀ ਗੌਲ ਏਅਰਪੋਰਟ 'ਤੇ ਬਾਰਡਰ ਪੁਲਿਸ ਨੇ ਸਮੇਂ 'ਤੇ ਅਦਾਲਤ ਨੂੰ ਮਾਮਲੇ ਦੀ ਜਾਣਕਾਰੀ ਨਹੀਂ ਦਿੱਤੀ।



ਇਸ ਦੌਰਾਨ 25 ਭਾਰਤੀਆਂ ਨੂੰ ਰਿਹਾਅ ਕੀਤਾ ਗਿਆ ਕਿਉਂਕਿ ਸਮਾਂ ਸੀਮਾ ਖਤਮ ਹੋ ਗਈ ਸੀ। ਉਹ ਫਰਾਂਸ ਵਿੱਚ ਸਿਆਸੀ ਸ਼ਰਨ ਨਹੀਂ ਲੈ ਸਕਣਗੇ। ਇਨ੍ਹਾਂ ਵਿੱਚ ਦੋ ਅਜਿਹੇ ਵਿਅਕਤੀ ਵੀ ਸ਼ਾਮਿਲ ਹਨ ਜਿਨ੍ਹਾਂ ਉੱਤੇ ਮਨੁੱਖੀ ਤਸਕਰੀ ਦੇ ਦੋਸ਼ ਸਨ। ਦੋਵਾਂ ਵਿਅਕਤੀਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ।

ਜਿਨ੍ਹਾਂ ਨੂੰ ਰਿਹਾਅ ਕੀਤਾ ਗਿਆ ਹੈ, ਉਨ੍ਹਾਂ ਵਿੱਚ 5 ਨਾਬਾਲਿਗ ਹਨ। ਉਨ੍ਹਾਂ ਨੂੰ ਬਾਲ ਭਲਾਈ ਸੇਵਾਵਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਮੁੰਬਈ ਦੇ ਵਿਸ਼ੇਸ਼ ਆਈਜੀਪੀ (ਇੰਸਪੈਕਟਰ ਜਨਰਲ ਆਫ਼ ਪੁਲਿਸ) ਦੀਪਕ ਪਾਂਡੇ ਨੇ ਮਨੁੱਖੀ ਤਸਕਰੀ ਦੇ ਦੋਸ਼ਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਸੀਆਈਐੱਸਐੱਫ ਨੇ ਯਾਤਰੀਆਂ ਨੂੰ 24 ਘੰਟਿਆਂ ਦੇ ਅੰਦਰ ਮੁੰਬਈ ਪੁਲਿਸ ਨੂੰ ਉਨ੍ਹਾਂ ਦੀ ਪੁੱਛਗਿੱਛ ਬਾਰੇ ਰਿਪੋਰਟ ਦੇਣ ਲਈ ਵੀ ਕਿਹਾ ਹੈ।

## ਤੁਰਕੀ 'ਚ ਸੰਘਣੀ ਧੁੰਦ ਕਾਰਨ ਕਈ ਵਾਹਨ ਆਪਸ ਵਿਚ ਟਕਰਾਏ, 10 ਲੋਕਾਂ ਦੀ ਮੌਤ, ਕਈ ਜ਼ਖਮੀ

ਅੰਕਾਰਾ, 28 ਦਸੰਬਰ (ਪੋਸਟ ਬਿਊਰੋ): ਸਰਦੀ ਵਧਣ ਦੇ ਨਾਲ ਹੀ ਧੁੰਦ ਨੇ ਵੀ ਆਪਣਾ ਭਿਆਨਕ ਰੂਪ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਤੁਰਕੀ 'ਚ ਸੰਘਣੀ ਧੁੰਦ ਕਾਰਨ ਜ਼ਿਆਦਾਤਰ ਇਲਾਕੇ ਸੰਘਣੀ ਧੁੰਦ ਦੀ ਲਪੇਟ ਵਿਚ ਹਨ ਅਤੇ ਸੜਕ 'ਤੇ ਵਿਜ਼ੀਬਿਲਟੀ ਘੱਟ ਹੋਣ ਕਾਰਨ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਸੜਕ 'ਤੇ ਵਿਜ਼ੀਬਿਲਟੀ ਘੱਟ ਹੋਣ ਕਾਰਨ ਇਕ ਤੋਂ ਬਾਅਦ ਇਕ 7 ਵਾਹਨ ਆਪਸ ਵਿਚ ਟਕਰਾ ਗਏ। ਟੱਕਰ ਇੰਨੀ ਜ਼ਬਰਦਸਤ ਸੀ ਕਿ 10 ਲੋਕਾਂ ਦੀ ਮੌਤ ਹੋ ਗਈ। ਕਈ ਵਾਹਨਾਂ ਦੇ ਟੋਟੇ-ਟੋਟੇ ਹੋ ਗਏ। ਦਰਜਨਾਂ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ 'ਚੋਂ ਕਈਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।



ਇਹ ਘਟਨਾ ਵੀਰਵਾਰ ਨੂੰ ਉੱਤਰ ਪੱਛਮੀ ਤੁਰਕੀਏ ਵਿੱਚ ਵਾਪਰੀ। ਇੱਥੇ ਇੱਕ ਮੋਟਰਵੇਅ 'ਤੇ ਸੱਤ ਵਾਹਨਾਂ ਦੀ ਆਹਮੋ-ਸਾਹਮਣੇ ਹੋਈ ਟੱਕਰ ਵਿੱਚ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਅਤੇ 57 ਹੋਰ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਦੀ ਗਿਣਤੀ ਹੋਰ ਵਧ ਸਕਦੀ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਸਤਾਂਬੁਲ ਤੋਂ ਕਰੀਬ 150 ਕਿਲੋਮੀਟਰ ਦੂਰ ਸਾਕਾਰੀਆ ਸੂਬੇ ਦੇ ਉੱਤਰੀ ਮਾਰਮਾਰਾ ਹਾਈਵੇਅ 'ਤੇ ਸੰਘਣੀ ਧੁੰਦ ਅਤੇ ਘੱਟ ਦਿੱਖ ਕਾਰਨ ਇਹ ਹਾਦਸਾ ਵਾਪਰਿਆ। ਉਨ੍ਹਾਂ ਦੱਸਿਆ ਕਿ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਦੱਖਣੀ ਅਫਰੀਕਾ ਨੇ ਪਹਿਲੇ ਟੈਸਟ ਮੈਚ ਵਿਚ ਭਾਰਤ ਪਾਰੀ ਅਤੇ 32 ਦੌੜਾਂ ਨਾਲ ਹਰਾਇਆ



ਸੈਂਚੁਰੀਅਨ, 28ਦਸੰਬਰ (ਪੋਸਟ ਬਿਊਰੋ): ਭਾਰਤ ਨੂੰ ਸੈਂਚੁਰੀਅਨ ਵਿੱਚ ਦੱਖਣੀ ਅਫਰੀਕਾ ਖਿਲਾਫ਼ ਦੋ ਟੈਸਟ ਮੈਚਾਂ ਦੀ ਲੜੀ ਦਾ ਪਹਿਲਾ ਮੈਚ ਇੱਕ ਪਾਰੀ ਅਤੇ 32 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਵੀਰਵਾਰ ਨੂੰ ਮੈਚ ਦੇ ਤੀਜੇ ਦਿਨ ਟੀਮ ਇੰਡੀਆ ਦੂਜੀ ਪਾਰੀ 'ਚ 131 ਦੌੜਾਂ 'ਤੇ ਆਲ ਆਊਟ ਹੋ ਗਈ। ਇਸ ਤੋਂ ਪਹਿਲਾਂ ਭਾਰਤ ਨੇ ਪਹਿਲੀ ਪਾਰੀ ਵਿੱਚ 245 ਦੌੜਾਂ ਬਣਾਈਆਂ ਸਨ। ਇਸ ਦੇ ਨਾਲ ਹੀ ਦੱਖਣੀ ਅਫਰੀਕਾ ਨੇ ਪਹਿਲੀ ਪਾਰੀ ਵਿੱਚ 408 ਦੌੜਾਂ ਬਣਾਈਆਂ। ਅਫਰੀਕੀ ਟੀਮ ਨੂੰ ਪਹਿਲੀ ਪਾਰੀ 'ਚ 163 ਦੌੜਾਂ ਦੀ ਲੀਡ ਹਾਸਿਲ ਸੀ। ਇਹ ਮੈਚ ਜਿੱਤ ਕੇ ਦੱਖਣੀ ਅਫਰੀਕਾ ਨੇ ਸੀਰੀਜ਼ 'ਚ 1-0 ਦੀ ਅਜੇਤੂ ਬੜ੍ਹਤ ਬਣਾ ਲਈ ਹੈ।

ਦੂਜਾ ਟੈਸਟ 3 ਜਨਵਰੀ ਤੋਂ ਕੇਪਟਾਊਨ 'ਚ ਖੇਡਿਆ ਜਾਵੇਗਾ। ਭਾਰਤੀ ਟੀਮ ਦੀ ਨਜ਼ਰ ਇਹ ਮੈਚ ਜਿੱਤ ਕੇ ਲੜੀ 1-1 ਨਾਲ ਬਰਾਬਰ ਕਰਨ 'ਤੇ ਹੋਵੇਗੀ।

ਭਾਰਤ ਨੂੰ 10ਵਾਂ ਝਟਕਾ ਵਿਰਾਟ ਕੋਹਲੀ ਦੇ ਰੂਪ 'ਚ ਲੱਗਾ। ਉਸ ਨੇ ਮਾਰਕੋ ਯੈਨਸਨ ਦੀ ਗੇਂਦ 'ਤੇ ਸਾਹਮਣੇ ਸ਼ਾਨਦਾਰ ਸ਼ਾਟ ਮਾਰਿਆ, ਪਰ ਕਾਗਿਸੋ ਰਬਾਡਾ ਨੇ ਦੌੜਦੇ ਹੋਏ ਸ਼ਾਨਦਾਰ ਕੈਚ ਲਿਆ। ਕੋਹਲੀ 82 ਗੇਂਦਾਂ 'ਤੇ 76 ਦੌੜਾਂ ਬਣਾ ਕੇ ਆਊਟ ਹੋ ਗਏ। ਕੋਹਲੀ ਨੇ ਆਪਣੀ ਪਾਰੀ ਵਿੱਚ 12 ਚੌਕੇ ਅਤੇ ਇੱਕ ਛੱਕਾ ਲਗਾਇਆ।

ਦੱਖਣੀ ਅਫਰੀਕਾ ਦੇ ਕਪਤਾਨ ਤੇਂਬਾ ਬਾਵੁਮਾ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਭਾਰਤ ਨੇ ਪਹਿਲੀ ਪਾਰੀ ਵਿੱਚ 245 ਦੌੜਾਂ ਬਣਾਈਆਂ ਸਨ। ਇਸ ਦੇ ਨਾਲ ਹੀ ਦੱਖਣੀ ਅਫਰੀਕਾ ਨੇ ਪਹਿਲੀ ਪਾਰੀ ਵਿੱਚ 408 ਦੌੜਾਂ ਬਣਾਈਆਂ। ਅਫਰੀਕੀ ਟੀਮ ਨੂੰ ਪਹਿਲੀ ਪਾਰੀ 'ਚ 163 ਦੌੜਾਂ ਦੀ ਲੀਡ ਹਾਸਿਲ ਸੀ। ਭਾਰਤ ਦੂਜੀ ਪਾਰੀ 'ਚ 131 ਦੌੜਾਂ 'ਤੇ ਆਲ ਆਊਟ ਹੋ ਗਿਆ।

# ਅਯੁੱਧਿਆ ਹਵਾਈ ਅੱਡੇ ਦਾ ਨਾਮ ਬਦਲ ਕੇ ਮਹਾਰਿਸ਼ੀ ਵਾਲਮੀਕਿ ਅੰਤਰਰਾਸ਼ਟਰੀ ਹਵਾਈ ਅੱਡਾ ਅਯੁੱਧਿਆ ਧਾਮ ਰੱਖਿਆ



ਨਵੀਂ ਦਿੱਲੀ, 28 ਦਸੰਬਰ (ਪੋਸਟ ਬਿਊਰੋ): ਅਯੁੱਧਿਆ ਹਵਾਈ ਅੱਡੇ ਦਾ ਨਾਮ ਬਦਲ ਕੇ ਮਹਾਰਿਸ਼ੀ ਵਾਲਮੀਕਿ ਅੰਤਰਰਾਸ਼ਟਰੀ ਹਵਾਈ ਅੱਡਾ ਅਯੁੱਧਿਆ ਧਾਮ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੱਲ੍ਹ ਅਯੁੱਧਿਆ ਰੇਲਵੇ ਸਟੇਸ਼ਨ ਦਾ ਨਾਮ ਬਦਲ ਕੇ ਅਯੁੱਧਿਆ ਧਾਮ ਕਰ ਦਿੱਤਾ ਗਿਆ ਸੀ। ਦੱਸਿਆ ਜਾਂਦਾ ਹੈ ਕਿ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸਟੇਸ਼ਨ ਦਾ ਨਾਮ ਅਯੁੱਧਿਆ ਧਾਮ ਰੱਖਣ ਦੀ ਇੱਛਾ ਪ੍ਰਗਟਾਈ ਸੀ। ਇਸ ਤੋਂ ਬਾਅਦ ਹੀ ਰੇਲਵੇ ਮੰਤਰਾਲੇ ਨੇ ਅਯੁੱਧਿਆ ਜੰਕਸ਼ਨ ਦਾ ਨਾਮ ਬਦਲ ਕੇ ਅਯੁੱਧਿਆ ਧਾਮ ਜੰਕਸ਼ਨ ਕਰ ਦਿੱਤਾ। ਇਸ ਦਾ ਹੁਕਮ ਬੁੱਧਵਾਰ ਨੂੰ ਜਾਰੀ ਕੀਤਾ ਗਿਆ।

22 ਜਨਵਰੀ ਨੂੰ ਰਾਮ ਲੱਲਾ ਦੇ ਪਵਿੱਤਰ ਪ੍ਰਕਾਸ਼ ਸਮਾਰੋਹ ਲਈ ਚਾਰਟਰਡ ਜਹਾਜ਼ ਰਾਹੀਂ ਵੱਡੀ ਗਿਣਤੀ ਵਿੱਚ ਵਿਸ਼ੇਸ਼ ਮਹਿਮਾਨ ਆਉਣਗੇ। ਇਸ ਦਿਨ 100 ਤੋਂ ਵੱਧ ਜਹਾਜ਼ਾਂ ਦੇ ਰਾਮਨਗਰੀ ਪਹੁੰਚਣ ਦੀ ਸੰਭਾਵਨਾ ਹੈ। ਅਜਿਹੇ 'ਚ ਉਨ੍ਹਾਂ ਨੂੰ ਮਰਿਆਦਾ ਪੁਰਸ਼ੋਤਮ ਸ੍ਰੀਰਾਮ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਹੁਣ ਤੱਕ ਬਣੇ ਤਿੰਨ ਹੈਲੀਪੈਡ 'ਤੇ ਉਤਾਰਨ 'ਚ ਦਿੱਕਤ ਆ ਸਕਦੀ ਹੈ। ਇਸ ਦੇ ਲਈ ਪ੍ਰਸ਼ਾਸਨ ਨੇ ਵਾਰਾਣਸੀ, ਪ੍ਰਯਾਗਰਾਜ ਅਤੇ ਗੋਰਖਪੁਰ ਵਿੱਚ ਵੀ ਬਦਲਵੇਂ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਹਨ।

ਜੇਕਰ ਚਾਰਟਰਡ ਜਹਾਜ਼ਾਂ ਦੀ ਗਿਣਤੀ ਵਧਦੀ ਹੈ ਤਾਂ ਇਨ੍ਹਾਂ ਨੂੰ ਇਨ੍ਹਾਂ ਤਿੰਨਾਂ ਸ਼ਹਿਰਾਂ ਦੇ ਹੈਲੀਪੈਡਾਂ 'ਤੇ ਉਤਾਰਨ ਅਤੇ ਮਹਿਮਾਨਾਂ ਨੂੰ ਸੜਕ ਰਾਹੀਂ ਰਾਮ ਜਨਮ ਭੂਮੀ 'ਤੇ ਲਿਆਉਣ ਦਾ ਪ੍ਰਬੰਧ ਕੀਤਾ ਜਾਵੇਗਾ। ਕਮਿਸ਼ਨਰ ਗੌਰਵ ਦਿਆਲ ਨੇ ਸ਼ਨੀਵਾਰ ਨੂੰ ਕਿਹਾ ਕਿ ਏਅਰਪੋਰਟ ਅਥਾਰਟੀ ਨਾਲ ਤਾਲਮੇਲ ਕਰਕੇ ਇਸ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਹਾਲ ਹੀ ਵਿੱਚ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇੱਥੇ ਸਮੀਖਿਆ ਮੀਟਿੰਗ ਵਿੱਚ ਦੱਸਿਆ ਸੀ ਕਿ 22 ਜਨਵਰੀ ਨੂੰ ਲਗਭਗ 100 ਜਹਾਜ਼ ਆ ਸਕਦੇ ਹਨ। ਅਜਿਹੇ 'ਚ ਪ੍ਰਸ਼ਾਸਨ ਸਾਰੀਆਂ ਸੰਭਾਵਨਾਵਾਂ 'ਤੇ ਵਿਚਾਰ ਕਰ ਰਿਹਾ ਹੈ।

30 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਯੁੱਧਿਆ ਨੂੰ ਮਹਾਰਿਸ਼ੀ ਵਾਲਮੀਕਿ ਅੰਤਰਰਾਸ਼ਟਰੀ ਹਵਾਈ ਅੱਡਾ, ਅਯੁੱਧਿਆ ਧਾਮ, ਹਾਈਵੇਅ, ਰੇਲਵੇ ਸਟੇਸ਼ਨ ਅਤੇ ਰੇਲਵੇ ਲਾਈਨਾਂ ਨੂੰ ਡਬਲ ਕਰਨ ਸਮੇਤ ਕਈ ਵੱਡੇ ਪ੍ਰੋਜੈਕਟਾਂ ਦਾ ਤੋਹਫਾ ਦੇਣਗੇ। ਪ੍ਰਧਾਨ ਮੰਤਰੀ ਦੇ ਉਦਘਾਟਨ ਅਤੇ ਨੀਂਹ ਪੱਥਰ ਦੀ ਸੂਚੀ ਵਿੱਚ ਲਗਭਗ 16 ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟ ਸ਼ਾਮਿਲ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਸੰਗੀਤ ਸਿੱਖਣ ਦੇ ਹੁਨਰ ਨੂੰ ਕਿਵੇਂ ਸੁਧਾਰਦਾ ਅਤੇ ਬੱਚਿਆਂ ਵਿੱਚ ਜੀਵਨ ਦੇ ਹੁਨਰਾਂ ਦਾ ਪਾਲਣ ਪੋਸ਼ਣ ਕਰਦਾ ਹੈ

-ਵਿਜੈ ਗਰਗ-

ਸੰਗੀਤ ਬੱਚੇ ਦੇ ਬੋਧਾਤਮਕ ਵਿਕਾਸ ਵਿੱਚ ਬਹੁਤ ਯੋਗਦਾਨ ਪਾਉਂਦਾ ਹੈ ਅਤੇ ਇਹ ਗਰਭ ਵਿੱਚ ਵੀ ਸ਼ੁਰੂ ਹੁੰਦਾ ਹੈ। ਜਨਮ ਤੋਂ ਪਹਿਲਾਂ, ਬੱਚਾ (ਗਰਭ ਅਵਸਥਾ ਦੇ 20ਵੇਂ ਹਫ਼ਤੇ) ਦਿਲ ਦੀ ਧੜਕਣ, ਸਾਹ ਲੈਣ ਦੀ ਤਾਲ, ਮਾਂ ਦੀ ਆਵਾਜ਼ ਵਰਗੀਆਂ ਆਵਾਜ਼ਾਂ ਸੁਣ ਸਕਦਾ ਹੈ, ਅਤੇ ਉਸੇ ਸਮੇਂ ਹਿਲਾਉਣ ਜਾਂ ਲੱਤ ਮਾਰ ਕੇ ਇਹਨਾਂ ਉਤੇਜਨਾ ਦਾ ਜਵਾਬ ਦੇ ਸਕਦਾ ਹੈ। ਇਸ ਤਰ੍ਹਾਂ, ਇਹ ਕਿਹਾ ਜਾ ਸਕਦਾ ਹੈ ਕਿ ਬੱਚੇ "ਜਨਮ ਸੰਗੀਤਕ" ਹੁੰਦੇ ਹਨ, ਕਿਉਂਕਿ ਉਹਨਾਂ ਕੋਲ ਆਪਣੀ ਮਾਂ ਦੀ ਕੁੱਖ ਦੇ ਅੰਦਰੋਂ ਆਉਣ ਵਾਲੇ ਧੁਨੀ ਅਨੁਭਵਾਂ ਦੇ ਕਾਰਨ ਵੱਖੋ-ਵੱਖਰੇ ਸ਼ੋਰਾਂ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ। ਬ੍ਰਾਜ਼ੀਲ ਦੀ ਨਵਜੰਮੀ ਨਰਸ ਰੇਬੇਕਾ ਬਤਿਸਤਾ ਦਾ ਸਿਲਵਾ ਦੇ ਅਨੁਸਾਰ, ਗਰਭ ਅਵਸਥਾ ਦੌਰਾਨ ਜੋ ਬੱਚਾ ਕ੍ਰਮਬੱਧ ਅਤੇ ਕ੍ਰਮਵਾਰ ਸੰਗੀਤ ਸੁਣਦਾ ਹੈ, ਉਹ ਛਾਤੀ ਦਾ ਦੁੱਧ ਚੁੰਘਾਉਣ ਵਿੱਚ ਬਿਹਤਰ ਹੁੰਦਾ ਹੈ, ਜ਼ਿਆਦਾ ਸੌਂਦਾ ਹੈ ਅਤੇ ਘੱਟ ਰੋਂਦਾ ਹੈ, ਕਿਉਂਕਿ ਉਸਨੇ ਸੰਗੀਤ ਦੁਆਰਾ ਆਪਣੀ ਮਾਂ ਨਾਲ ਸਕਾਰਾਤਮਕ ਭਾਵਨਾਤਮਕ ਬੰਧਨ ਬਣਾਇਆ ਹੈ। .

ਸਿਲਵਾ ਇਹ ਵੀ ਦੱਸਦਾ ਹੈ ਕਿ ਨਵਜੰਮੇ ਬੱਚੇ ਨੂੰ ਆਵਾਜ਼ ਪੈਦਾ ਕਰਨ ਲਈ ਬਹੁਤ ਧਿਆਨ ਦਿੱਤਾ ਜਾਂਦਾ ਹੈ, ਖਾਸ ਤੌਰ 'ਤੇ ਸੱਤਵੇਂ ਜਾਂ ਅੱਠਵੇਂ ਮਹੀਨਿਆਂ ਦੀ ਉਮਰ ਤੋਂ, ਇਸ ਨੂੰ ਸਵੈ-ਇੱਛਤ ਮੂੰਹ ਦੀਆਂ ਹਰਕਤਾਂ ਨਾਲ ਤਾਲਮੇਲ ਬਣਾਉਂਦਾ ਹੈ, ਅਤੇ ਆਵਾਜ਼ਾਂ ਨੂੰ ਸੋਧਦਾ ਹੈ ਅਤੇ ਸੰਸ਼ੋਧਿਤ ਕਰਦਾ ਹੈ ਕਿਉਂਕਿ ਉਹ ਆਪਣੀ ਮਾਂ ਦੁਆਰਾ ਪ੍ਰੇਰਿਤ ਹੁੰਦਾ ਹੈ। ਮਨੁੱਖੀ ਦਿਮਾਗ ਇੱਕ ਅਜਿਹਾ ਅੰਗ ਹੈ ਜੋ ਸੰਗੀਤ ਰਾਹੀਂ ਵਿਕਸਤ ਅਤੇ ਸੁਧਾਰਦਾ ਹੈ। ਸੰਗੀਤ ਦੀ ਮੌਜੂਦਗੀ ਬੱਚੇ ਦੀਆਂ ਬੋਲਣ ਵਾਲੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਉਂਦੀ ਹੈ, ਕਿਉਂਕਿ ਉਹ ਬਕਬਕ ਕਰਦਾ ਹੈ ਅਤੇ ਆਪਣੀ ਪਹਿਲੀ ਆਵਾਜ਼ ਸੁਰੂ ਕਰਦਾ ਹੈ। ਇਹ ਪਹਿਲੀ ਆਵਾਜ਼ ਦੇ ਹੁਨਰ ਵੀ ਮੋਟਰ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ ਕਿਉਂਕਿ ਉਹ ਗੀਤ ਦੀ ਬੀਟ ਨਾਲ ਅੱਗੇ ਵਧਦੇ ਹਨ। ਸੰਗੀਤਕਤਾ ਬੱਚਿਆਂ ਦਾ ਧਿਆਨ ਖਿੱਚਦੀ ਹੈ ਅਤੇ ਮਾਪਿਆਂ ਅਤੇ ਬੱਚਿਆਂ ਵਿਚਕਾਰ ਬੰਧਨ ਨੂੰ ਮਜ਼ਬੂਤ ਕਰਦੀ ਹੈ, ਕਿਉਂਕਿ ਇਹ ਉਹਨਾਂ ਦੇ ਦਿਮਾਗ ਵਿੱਚ ਆਕਸੀਟੌਸਿਨ ਨਾਮਕ ਹਾਰਮੋਨ ਪੈਦਾ ਕਰਦੀ ਹੈ, ਜੋ ਵਿਸ਼ਵਾਸ ਅਤੇ ਪਿਆਰ ਦੀਆਂ ਭਾਵਨਾਵਾਂ ਲਈ ਜ਼ਿੰਮੇਵਾਰ ਹੈ। ਇਸ ਪ੍ਰਭਾਵ ਅਧੀਨ, ਸੰਗੀਤ ਸਬੰਧਾਂ ਨੂੰ ਪਾਲਦਾ ਹੈ ਅਤੇ ਹਮਦਰਦੀ ਅਤੇ ਮਾਪਿਆਂ ਦੇ ਲਗਾਵ ਨੂੰ ਵਿਕਸਿਤ ਕਰਦਾ ਹੈ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਸੰਗੀਤ ਉਸ ਨੂੰ ਭਾਸ਼ਾ ਦੇ ਵਿਕਾਸ ਵਰਗੇ ਹੋਰ ਗੁੰਝਲਦਾਰ ਹੁਨਰਾਂ ਲਈ ਤਿਆਰ ਕਰਦਾ ਹੈ। ਸੰਗੀਤਕ ਆਵਾਜ਼ਾਂ ਬੱਚੇ ਨੂੰ ਸੁਣਨ ਦੇ ਭੇਦ-ਭਾਵ, ਸੰਵੇਦੀ ਪ੍ਰਗਟਾਵੇ, ਨਵੇਂ ਸ਼ਬਦਾਂ ਨੂੰ ਸਿੱਖਣ, ਅਤੇ ਸ਼ਬਦਾਵਲੀ ਦੇ ਵਿਸਥਾਰ ਵਿੱਚ ਸਹਾਇਤਾ ਕਰਦੀਆਂ ਹਨ।

ਮਾਪੇ ਆਪਣੇ ਬੱਚਿਆਂ ਦੀ ਉਤਸੁਕਤਾ ਦਾ ਫਾਇਦਾ ਉਠਾ ਸਕਦੇ ਹਨ ਅਤੇ ਉਹਨਾਂ ਨੂੰ ਵੱਖ-ਵੱਖ ਸੰਗੀਤਕ ਤਾਲਾਂ ਨਾਲ ਜਾਣੂ ਕਰਵਾ ਸਕਦੇ ਹਨ, ਉਹਨਾਂ ਦੇ ਮੋਟਰ ਵਿਕਾਸ ਨੂੰ ਵਧਾ ਸਕਦੇ ਹਨ ਜਦੋਂ ਉਹ ਇਕੱਠੇ ਨੱਚਦੇ ਹਨ ਅਤੇ ਚਲਦੇ ਹਨ। ਗੀਤ ਸੁਣਨ 'ਤੇ, ਧੁਨੀ ਤਰੰਗਾਂ ਨੂੰ ਆਡੀਟੋਰੀ ਸਿਸਟਮ ਦੁਆਰਾ ਚੁੱਕਿਆ ਜਾਂਦਾ ਹੈ, ਬਿਜਲਈ ਪ੍ਰਭਾਵ ਵਿੱਚ ਬਦਲਿਆ ਜਾਂਦਾ ਹੈ, ਅਤੇ ਦਿਮਾਗ ਦੁਆਰਾ (ਮੁੱਖ ਤੌਰ 'ਤੇ) ਉਹਨਾਂ ਖੇਤਰਾਂ ਵਿੱਚ ਵਿਆਖਿਆ ਕੀਤੀ ਜਾਂਦੀ ਹੈ ਜਿੱਥੇ ਭਾਵਨਾਵਾਂ ਦੀ ਪ੍ਰਕਿਰਿਆ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਸੰਗੀਤ ਸੁਣਨਾ ਤਣਾਅ ਨੂੰ ਦੂਰ ਕਰਨ ਵਿਚ ਮਦਦ ਕਰਦਾ ਹੈ ਅਤੇ ਤੀਬਰ ਅਨੰਦ ਲਿਆਉਂਦਾ ਹੈ। ਜਦੋਂ ਅਸੀਂ ਆਪਣੇ ਮਨਪਸੰਦ ਸੰਗੀਤ 'ਤੇ ਗਾਉਂਦੇ ਅਤੇ ਨੱਚਦੇ ਹਾਂ, ਦਿਮਾਗ ਡੋਪਾਮਾਈਨ ਛੱਡਦਾ ਹੈ, ਜੋ ਇਨਾਮ ਪ੍ਰਣਾਲੀ ਨਾਲ ਜੁੜਿਆ ਇੱਕ ਨਿਊਰੋਟ੍ਰਾਂਸਮੀਟਰ ਹੈ। ਗਿਆਨ ਅਤੇ ਸਿੱਖਣ ਲਈ ਸੰਗੀਤ ਦੇ ਪ੍ਰਭਾਵ ਬਚਪਨ ਤੋਂ ਹੀ ਸੰਗੀਤ ਦੀ ਸਿੱਖਿਆ ਅਜਿਹੇ ਲਾਭ ਲਿਆਉਂਦੀ ਹੈ ਜੋ ਬਾਲਗਤਾ ਤੱਕ ਵਧਦੇ ਹਨ। ਇਹ ਇਸ ਲਈ ਹੈ ਕਿਉਂਕਿ ਸੰਗੀਤ ਦੀਆਂ ਗਤੀਵਿਧੀਆਂ ਆਵਾਜ਼ਾਂ ਦੀ ਵਿਆਖਿਆ ਕਰਨ ਅਤੇ ਆਡੀਟੋਰੀ ਵਿਤਕਰੇ ਨੂੰ ਵਿਕਸਤ ਕਰਨ ਦੀ ਦਿਮਾਗ ਦੀ ਯੋਗਤਾ ਨੂੰ ਮਜ਼ਬੂਤ ਕਰਦੀਆਂ ਹਨ, ਜੋ ਕਿ ਹੁਨਰ ਹਨ ਜੋ ਨਵੀਆਂ ਭਾਸ਼ਾਵਾਂ ਸਿੱਖਣ ਵਿੱਚ ਬਹੁਤ ਸਹੂਲਤ ਦਿੰਦੇ ਹਨ। ਯਾਦਦਾਸ਼ਤ ਅਤੇ ਇਕਾਗਰਤਾ ਸੰਗੀਤ ਦੀਆਂ ਗਤੀਵਿਧੀਆਂ ਵਿੱਚ ਵੀ ਕੰਮ ਕਰਦੀ ਹੈ, ਇਸ ਤਰ੍ਹਾਂ ਦਿਮਾਗ ਦੀ ਨਵੀਂ ਜਾਣਕਾਰੀ ਨੂੰ ਬਰਕਰਾਰ ਰੱਖਣ



ਦੀ ਯੋਗਤਾ ਵਿੱਚ ਸੁਧਾਰ ਹੁੰਦਾ ਹੈ, ਬੁਢਾਪੇ ਵਿੱਚ ਵੀ ਇੱਕ ਸਿਹਤਮੰਦ ਦਿਮਾਗ ਪ੍ਰਦਾਨ ਕਰਦਾ ਹੈ। ਸਿੱਖਣ ਵਿੱਚ ਸੰਗੀਤ ਦੇ ਬਹੁਤ ਸਾਰੇ ਬੋਧਾਤਮਕ ਪ੍ਰਭਾਵ ਹਨ: ਮੈਮੋਰੀ ਸੰਗੀਤਕ ਅਨੁਭਵ ਭਾਵਨਾਵਾਂ ਨੂੰ ਪੈਦਾ ਕਰਦੇ ਹਨ, ਵਧੇਰੇ ਕੇਂਦ੍ਰਿਤ ਸਿੱਖਣ ਦੀ ਸਥਿਤੀ ਬਣਾਉਂਦੇ ਹਨ, ਅਤੇ ਉਹਨਾਂ ਦੀ ਰਚਨਾ ਵਿੱਚ ਤੁਕਾਂ ਅਤੇ ਤਾਲਾਂ ਦੀ ਵਰਤੋਂ ਕਰਦੇ ਹਨ, ਜੋ ਬਿਹਤਰ ਯਾਦ ਅਤੇ ਨਵੀਆਂ ਯਾਦਾਂ ਦੇ ਗਠਨ ਦੀ ਸਹੂਲਤ ਦਿੰਦੇ ਹਨ। ਕਿਉਂਕਿ ਸੰਗੀਤ ਦਿਮਾਗ ਦੀਆਂ ਭਾਵਨਾਤਮਕ ਪ੍ਰਣਾਲੀਆਂ ਨਾਲ ਨੇੜਿਓਂ ਜੁੜਿਆ ਹੋਇਆ ਹੈ, ਇਹ ਵਿਦਿਆਰਥੀ ਦੇ ਧਿਆਨ ਅਤੇ ਇਕਾਗਰਤਾ ਨੂੰ ਬਿਹਤਰ ਢੰਗ ਨਾਲ ਹਾਸਲ ਕਰਦਾ ਹੈ। ਨਤੀਜੇ ਵਜੋਂ, ਵਿਦਿਆਰਥੀ ਹੋਰ ਤੇਜ਼ੀ ਨਾਲ ਕਰ ਸਕਦਾ ਹੈਜਾਣਕਾਰੀ ਨੂੰ ਬਰਕਰਾਰ ਰੱਖੋ ਅਤੇ ਯਾਦ ਰੱਖੋ, ਇਸ ਤਰ੍ਹਾਂ ਸਿੱਖਣ ਵਿੱਚ ਸੁਧਾਰ ਹੁੰਦਾ ਹੈ।

ਧਿਆਨ ਵਿਦਿਅਕ ਸਫਲਤਾ ਲਈ ਧਿਆਨ ਦੇਣਾ ਜ਼ਰੂਰੀ ਹੈ, ਅਤੇ ਅਸੀਂ ਆਪਣਾ ਧਿਆਨ ਉਦੋਂ ਹੀ ਰੱਖ ਸਕਦੇ ਹਾਂ ਜਦੋਂ ਗਤੀਵਿਧੀ ਦਿਲਚਸਪੀ ਪੈਦਾ ਕਰਦੀ ਹੈ। ਸੰਗੀਤਕ ਗਤੀਵਿਧੀਆਂ ਵਿੱਚ ਭਾਗੀਦਾਰੀ ਸਿੱਖਣ 'ਤੇ ਬਹੁਤ ਸਕਾਰਾਤਮਕ ਪ੍ਰਭਾਵ ਪਾਉਂਦੀ ਹੈ। ਸੰਗੀਤ ਤਾਲਬੱਧ, ਸੁਰੀਲਾ, ਗਤੀਸ਼ੀਲ ਅਤੇ ਦੁਹਰਾਉਣ ਵਾਲੇ ਪੈਟਰਨਾਂ ਨੂੰ ਪੇਸ਼ ਕਰਦਾ ਹੈ, ਅਤੇ ਇਹ ਇੱਕ ਬਿਹਤਰ ਸੰਵੇਦਨਾਤਮਕ ਧਾਰਨਾ ਪ੍ਰਦਾਨ ਕਰਦਾ ਹੈ, ਅਤੇ ਨਵੀਂ ਸਿੱਖਣ ਲਈ ਲੋੜੀਦੇ ਵਧੇਰੇ ਧਿਆਨ ਅਤੇ ਇਕਾਗਰਤਾ ਪ੍ਰਦਾਨ ਕਰਦਾ ਹੈ। ਸੰਗੀਤ ਦੀਆਂ ਕਲਾਸਾਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਵਿੱਚ ਚੋਣਵੇਂ ਅਤੇ ਨਿਰੰਤਰ ਧਿਆਨ ਦੇਣ ਦੀ ਸਮਰੱਥਾ ਗੈਰ-ਅਭਿਆਸ ਕਰਨ ਵਾਲੇ ਵਿਦਿਆਰਥੀਆਂ ਨਾਲੋਂ ਬਹੁਤ ਜ਼ਿਆਦਾ ਹੈ। ਭਾਸ਼ਾ ਸੰਚਾਰ ਪ੍ਰਣਾਲੀ ਬੱਚੇ ਦੇ ਜਨਮ ਤੋਂ ਪਹਿਲਾਂ ਤੋਂ ਹੀ ਵਿਕਸਿਤ ਹੋ ਰਹੀ ਹੈ। ਇਹ ਪ੍ਰਕਿਰਿਆ ਪੜ੍ਹਨ ਅਤੇ ਲਿਖਣ ਤੱਕ ਸੀਮਤ ਨਹੀਂ ਹੈ ਪਰ ਇਸ ਵਿੱਚ ਗੈਰ-ਮੌਖਿਕ ਤੱਤ ਸ਼ਾਮਲ ਹਨ ਜਿਵੇਂ ਕਿ ਹਰਕਤਾਂ, ਸੰਗੀਤ, ਧੁਨੀ ਸੰਕੇਤ, ਅਤੇ ਜਨਮ ਤੋਂ ਬਾਅਦ ਚਿੱਤਰ ਅਤੇ ਇਸ਼ਾਰੇ। ਭਾਸ਼ਾ ਅਤੇ ਵਿਆਕਰਣ ਦੇ ਵਿਕਾਸ ਵਿੱਚ ਸੰਗੀਤ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਇਸ ਲਈ ਹੈ ਕਿਉਂਕਿ ਸੰਗੀਤ, ਤਾਲਬੱਧ ਹੋਣ ਕਰਕੇ, ਬੱਚੇ ਨੂੰ ਧੁਨੀ ਸੰਬੰਧੀ ਜਾਗਰੂਕਤਾ ਹੁਨਰ (ਆਵਾਜ਼ਾਂ ਦੇ ਕੰਮ ਕਰਨ ਦੇ ਤਰੀਕੇ) ਵਿੱਚ ਮਦਦ ਕਰਦਾ ਹੈ, ਜੋ ਕਿ ਪੜ੍ਹਨਾ ਅਤੇ ਲਿਖਣਾ ਸਿੱਖਣ ਲਈ ਭਵਿੱਖਬਾਣੀ ਕਰਦੇ ਹਨ। ਇਸ ਤੋਂ ਇਲਾਵਾ, ਤਾਲ-ਅਧਾਰਿਤ ਗਤੀਵਿਧੀਆਂ ਬੱਚੇ ਨੂੰ ਗਣਿਤ ਦੇ ਹੁਨਰਾਂ ਵਿੱਚ ਵੀ ਮਦਦ ਕਰ ਸਕਦੀਆਂ ਹਨ, ਜਿਵੇਂ ਕਿ ਗਿਣਤੀਆਂ ਦੀ ਗਿਣਤੀ। ਵਿਜ਼ੂਅਲ-ਸਪੇਸ਼ੀਅਲ ਧਾਰਨਾ ਦਿਮਾਗ ਦੇ ਵਿਜ਼ੂਅਲ-ਸਪੇਸ਼ੀਅਲ ਫੰਕਸ਼ਨ ਸਾਨੂੰ ਵਾਤਾਵਰਣ ਤੋਂ ਵੱਖ-ਵੱਖ ਉਤੇਜਨਾ ਨੂੰ ਪਛਾਣਨ ਅਤੇ ਪਛਾਣਨ ਵਿੱਚ ਮਦਦ ਕਰਦੇ ਹਨ। ਅਭਿਆਸ ਵਿੱਚ, ਇਹ ਫੰਕਸ਼ਨ ਚਿਹਰੇ ਦੀ ਪਛਾਣ, ਰੂਟਾਂ ਜਾਂ ਪਤਿਆਂ ਨੂੰ ਸਮਝਣ, ਵੱਖੋ ਵੱਖਰੀਆਂ ਵਸਤੂਆਂ ਦੀ ਪਛਾਣ ਕਰਨ, ਅਤੇ ਉਹ ਸਾਡੇ ਦੁਆਰਾ ਵੱਖ-ਵੱਖ ਡੂੰਘਾਈ ਨੂੰ ਸਮਝਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੇ ਹਨ। ਸੰਗੀਤ ਦੇ ਸਬੰਧ ਵਿੱਚ, ਸੰਗੀਤ ਦੇ ਪਾਠਾਂ ਵਿੱਚ ਰੁੱਝੇ ਹੋਏ ਬੱਚੇ ਇੱਕ ਬਹੁਤ ਹੀ ਸੂਧ ਵਿਜ਼ੂਅਲ-ਸਪੇਸ਼ੀਅਲ ਸਮਰੱਥਾ ਵਿਕਸਿਤ ਕਰਦੇ ਹਨ। ਇਹ ਸੰਗੀਤਕ ਰੀਡਿੰਗ ਦੇ ਅਭਿਆਸ ਦੇ ਕਾਰਨ ਹੈ (ਜਿਸ ਤਰੀਕੇ ਨਾਲ ਸੰਗੀਤ ਦੇ ਨੋਟ ਸਕੋਰ 'ਤੇ ਰੱਖੇ ਗਏ ਹਨ)। ਕਾਰਜਕਾਰੀ ਕਾਰਜ ਦਿਮਾਗ ਦੇ ਕਾਰਜਕਾਰੀ ਫੰਕਸ਼ਨ ਕੰਮ ਕਰਨ ਵਾਲੀ ਮੈਮੋਰੀ, ਬੋਧਾਤਮਕ ਲਚਕਤਾ, ਅਤੇ ਨਿਰੋਧਕ ਨਿਯੰਤਰਣ ਲਈ ਜ਼ਿੰਮੇਵਾਰ ਮਾਨਸਿਕ ਸਮਰੱਥਾ ਹਨ। ਅਭਿਆਸ ਵਿੱਚ, ਇਹ ਹੁਨਰ ਸਾਨੂੰ ਜਾਣਕਾਰੀ ਨੂੰ ਬਰਕਰਾਰ ਰੱਖਣ, ਧਿਆਨ ਦੇਣ, ਭਟਕਣਾ ਨੂੰ ਰੋਕਣ, ਭਾਵਨਾਵਾਂ ਨੂੰ ਕਾਬੂ ਕਰਨ, ਯੋਜਨਾ ਬਣਾਉਣ ਅਤੇ ਕੰਮਾਂ ਨੂੰ ਸੰਗਠਿਤ ਕਰਨ ਵਿੱਚ ਮਦਦ ਕਰਦੇ ਹਨ। ਅਸੀਂ ਦੇਖ ਸਕਦੇ ਹਾਂ ਕਿ ਸੰਗੀਤਕ ਗਤੀਵਿਧੀ ਵੱਖ-ਵੱਖ ਬੋਧਾਤਮਕ ਕਾਰਜਾਂ ਨੂੰ ਸ਼ਾਮਲ ਕਰਦੀ ਹੈ ਅਤੇ ਵਿਕਸਤ ਕਰਦੀ ਹੈ, ਬਹੁਤ ਹੀ ਗੁੰਝਲਦਾਰ ਨਿਊਰਲ ਨੈੱਟਵਰਕ ਬਣਾਉਂਦੀ ਹੈ (ਕਿਉਂਕਿ ਉਹ ਦਿਮਾਗ ਦੇ ਵੱਖ-ਵੱਖ ਹਿੱਸਿਆਂ ਨਾਲ ਕੰਮ ਕਰਦੇ ਹਨ)। ਬਹੁਤ ਸਾਰੇ ਲਾਭਾਂ ਦੇ ਨਾਲ, ਸੰਗੀਤ ਨੂੰ ਹਰ ਵਿਦਿਆਰਥੀ ਦੀ ਸਿੱਖਿਆ ਵਿੱਚ ਸ਼ਾਮਲ ਕਰਨ ਦੀ ਲੋੜ ਹੈ। ਸੰਗੀਤਕ ਬੁੱਧੀ ਦੀ ਉਤੇਜਨਾ ਪੜ੍ਹਨ, ਲਿਖਣ ਅਤੇ ਤਰਕ ਵਿੱਚ ਸਿੱਖਣ ਦੀਆਂ ਪ੍ਰਕਿਰਿਆਵਾਂ ਨੂੰ ਮਹੱਤਵਪੂਰਣ ਰੂਪ ਵਿੱਚ ਪ੍ਰਭਾਵਿਤ ਕਰ ਸਕਦੀ ਹੈ। ਇੱਕ ਬੱਚੇ ਦੇ ਜੀਵਨ ਵਿੱਚ ਸੰਗੀਤਕ ਬੁੱਧੀ ਨੂੰ ਕਿਵੇਂ ਉਤੇਜਿਤ ਕੀਤਾ ਜਾ ਸਕਦਾ ਹੈ? ਧਿਆਨ ਅਤੇ ਯਾਦਾਸ਼ਤ ਤੋਂ ਬਿਨਾਂ ਕੋਈ ਸਿੱਖਿਆ ਨਹੀਂ ਹੈ। ਸੰਗੀਤਕ ਅਨੁਭਵ ਵਿਦਿਆਰਥੀ ਦੀ ਬੁੱਧੀ ਨੂੰ ਵਧਾਉਂਦਾ ਹੈ ਅਤੇ ਵਧਾਉਂਦਾ ਹੈ ਕਿਉਂਕਿ ਇਹ ਧਿਆਨ ਵਿਕਸਿਤ ਕਰਦਾ ਹੈ ਅਤੇ ਨਵੇਂ ਗਿਆਨ ਨੂੰ ਯਾਦ ਕਰਨ ਦੀ ਸਹੂਲਤ ਦਿੰਦਾ ਹੈ। ਪਰ "ਖੁਫੀਆ" ਸ਼ਬਦ ਕਿੱਥੋਂ ਆਇਆ ਹੈ ਅਤੇ ਇਹ ਸੰਗੀਤ ਨਾਲ ਕਿਵੇਂ ਜੁੜਦਾ ਹੈ? ਸ਼ਬਦ "ਸੰਗੀਤ ਬੁੱਧੀ" ਹਾਰਵਰਡ ਯੂਨੀਵਰਸਿਟੀ ਦੇ ਮਨੋਵਿਗਿਆਨੀ ਹਾਵਰਡ ਗਾਰਡਨਰ ਦੁਆਰਾ ਵਿਕਸਤ ਖੋਜ ਕਾਰਜ ਦਾ ਨਤੀਜਾ ਹੈ। "ਮਲਟੀਪਲ ਇੰਟੈਲੀਜੈਂਸੀ ਦੀ ਥਿਊਰੀ" ਸਿਰਲੇਖ ਵਾਲਾ ਕੰਮ, ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਵੱਖ-ਵੱਖ ਕਿਸਮਾਂ ਦੀਆਂ ਖੁਫੀਆ ਜਾਣਕਾਰੀਆਂ ਹਨ: ਭਾਸ਼ਾਈ, ਲਾਜ਼ੀਕਲ-ਗਣਿਤਿਕ, ਵਿਜ਼ੂਅਲ-ਸਪੇਸ਼ੀਅਲ, ਕਿਨੇਸਥੈਟਿਕ, ਸੰਗੀਤਕ, ਅੰਤਰ-ਵਿਅਕਤੀਗਤ, ਅਤੇ ਅੰਤਰ-ਵਿਅਕਤੀਗਤ ਬੁੱਧੀ। ਗਾਰਡਨਰ ਬੁੱਧੀ ਨੂੰ ਵਾਤਾਵਰਣ-ਵਿਸ਼ੇਸ਼ ਸਥਿਤੀਆਂ ਵਿੱਚ ਰਚਨ-ਾਤਮਕ ਤੌਰ 'ਤੇ ਸਮੱਸਿਆਵਾਂ ਨੂੰ ਹੱਲ ਕਰਨ ਦੀ ਯੋਗਤਾ ਵਜੋਂ ਪਰਿਭਾਸ਼ਿਤ ਕਰਦਾ ਹੈ। ਸੰਗੀਤਕ ਬੁੱਧੀ ਦੇ ਮਾਮਲੇ ਵਿੱਚ, ਵਿਅਕਤੀ ਗੀਤਾਂ ਦੀ ਰਚਨਾ / ਵਿਆਖਿਆ ਕਰਨ ਅਤੇ ਵੱਖ-ਵੱਖ ਤਾਲਾਂ, ਤਾਲਾਂ ਅਤੇ ਧੁਨਾਂ ਦੀ ਪਛਾਣ ਕਰਨ ਦੇ ਯੋਗ ਹੋਵੇਗਾ। ਮਜ਼ਬੂਤ ਸੰਗੀਤਕ ਬੁੱਧੀ ਵਾਲੇ ਬੱਚੇ ਅਸਲ ਵਿੱਚ ਗਾਉਣਾ ਅਤੇ ਸੰਗੀਤ ਦੁਆਰਾ ਆਪਣੇ ਆਪ ਨੂੰ ਪ੍ਰਗਟ ਕਰਨਾ ਪਸੰਦ ਕਰਦੇ ਹਨ। ਕੁਝ ਮਾਮਲਿਆਂ ਵਿੱਚ, ਸੰਗੀਤ ਬੱਚੇ ਕਿਸੇ ਸਾਜ਼ 'ਤੇ ਧੁਨ ਵੀ ਵਜਾ ਸਕਦੇ ਹਨ, ਭਾਵੇਂ ਉਨ੍ਹਾਂ ਨੇ ਇਸਨੂੰ ਪਹਿਲੀ ਵਾਰ ਸੁਣਿਆ ਹੋਵੇ। ਇਹ ਇੱਕ ਤੱਥ ਹੈ ਕਿ ਅਜਿਹੇ ਬੱਚੇ ਹਨ ਜੋ ਸੰਗੀਤ ਵਿੱਚ ਪ੍ਰਤਿਭਾਸ਼ਾਲੀ ਹਨ, ਜਿਨ੍ਹਾਂ ਕੋਲ ਇੱਕ ਸਾਜ਼ ਵਜਾਉਣ ਵਿੱਚ ਸੌਖਾ ਸਮਾਂ ਹੁੰਦਾ ਹੈ, ਹਾਲਾਂਕਿ, ਸੰਗੀਤਕ ਬੁੱਧੀ, ਕਿਉਂਕਿ ਇਹ ਇੱਕ ਹੁਨਰ ਹੈ, ਕਿਸੇ ਵੀ ਵਿਅਕਤੀ ਦੁਆਰਾ ਵਿਕਸਤ ਕੀਤਾ ਜਾ ਸਕਦਾ ਹੈ. ਇਸਦੇ ਲਈ, ਸੰਗੀਤਕ ਬੱਚਿਆਂ ਦੇ ਵਿਕਾਸ ਲਈ ਉਤੇਜਨਾ, ਦਿਲਚਸਪੀ ਅਤੇ ਅਭਿਆਸ ਵਰਗੇ ਕਾਰਕ ਮਹੱਤਵਪੂਰਨ ਹਨ। ਬੱਚਿਆਂ ਵਿੱਚ ਸੰਗੀਤਕ ਬੁੱਧੀ ਨੂੰ ਕਿਵੇਂ ਉਤੇਜਿਤ ਕਰਨਾ ਹੈ ਇਸ ਦੀਆਂ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ: ਬੱਚੇ ਦੀ ਉਮਰ ਦੇ ਹਿਸਾਬ ਨਾਲ ਗੀਤ ਚਲਾਓ ਸੰਗੀਤਕ ਫਿਲਮਾਂ ਦੇਖੋ ਸੰਗੀਤਕ ਖੇਡਾਂ ਵਿੱਚ ਭਾਗ ਲਓ ਆਵਾਜ਼ ਨਾਲ, ਸਰੀਰ ਨਾਲ, ਜਾਂ ਵੱਖ-ਵੱਖ ਸਮੱਗਰੀਆਂ ਨਾਲ ਆਵਾਜ਼ਾਂ ਪੈਦਾ ਕਰੋ ਬੱਚੇ ਨੂੰ ਵੱਖ-ਵੱਖ ਸੰਗੀਤਕ ਸਾਜ਼ ਪੇਸ਼ ਕਰੋ ਬੱਚੇ ਨੂੰ ਸੰਗੀਤਕ ਸਾਜ਼ ਵਜਾਉਣ ਲਈ ਉਤਸ਼ਾਹਿਤ ਕਰੋ ਸੰਗੀਤਕ ਥੀਏਟਰ ਨਾਟਕਾਂ 'ਤੇ ਜਾਓ ਇੱਕ ਕੋਇਰ ਵਿੱਚ ਗਾਓ ਬਾਹਰ ਸੈਰ ਕਰੋ ਅਤੇ ਕੁਦਰਤ ਦੀਆਂ ਆਵਾਜ਼ਾਂ ਸੁਣੋ ਇੱਕ ਜਿੰਗਲ, ਇੱਕ ਗੀਤ, ਜਾਂ ਇੱਕ ਤੁਕਬੰਦੀ ਬਣਾਓ ਸੰਗੀਤ ਮਨੁੱਖੀ ਵਿਕਾਸ ਦਾ ਹਿੱਸਾ ਹੈ, ਕਿਉਂਕਿ ਇਹ ਜੀਵਨ ਭਰ ਸਾਡੇ ਨਾਲ ਰਹਿੰਦਾ ਹੈ। ਜੀਵ-ਵਿ-ਗਆਨਕ ਤੌਰ 'ਤੇ, ਸੰਗੀਤ ਇੰਦਰੀਆਂ ਨੂੰ ਸਿੱਖਿਅਤ ਕਰਦਾ ਹੈ ਅਤੇ ਪੜ੍ਹਨ, ਲਿਖਣ ਅਤੇ ਤਰਕ-ਗਣਿਤਿਕ ਤਰਕ ਦੀਆਂ ਪ੍ਰਕਿਰਿਆਵਾਂ ਵਿੱਚ ਵੀ ਮਦਦ ਕਰਦਾ ਹੈ। ਇੱਕ ਸਾਧਨ ਵਜਾਉਣਾ ਸਿੱਖਣਾ, ਉਦਾਹਰਨ ਲਈ, ਸਾਰੇ ਸਿੱਖਣ ਦੀ ਸਹੂਲਤ ਪ੍ਰਦਾਨ ਕਰ ਸਕਦਾ ਹੈ ਕਿਉਂਕਿ ਇਹ ਧਿਆਨ ਦਾ ਅਭਿਆਸ ਕਰਦਾ ਹੈ ਅਤੇ ਯਾਦਦਾਸ਼ਤ ਨੂੰ ਆਕਾਰ ਦਿੰਦਾ ਹੈ। ਇੱਕ ਹੋਰ ਟਿਪ ਸੰਗੀਤ ਨੂੰ ਇੱਕ ਸਿੱਖਿਆ ਸ਼ਾਸਤਰੀ ਸਾਧਨ (ਪੈਰੋਡੀ ਬਣਾਉਣਾ) ਦੇ ਤੌਰ ਤੇ ਵਰਤਣਾ ਹੈ, ਸਿੱਖਿਆ ਵਿੱਚ ਫਾਰਮੂਲੇ, ਤਾਰੀਖਾਂ ਅਤੇ ਹੋਰ ਵਿਸ਼ਿਆਂ ਨੂੰ ਯਾਦ ਕਰਨ ਲਈ। ਬਹੁਤ ਮਜ਼ੇਦਾਰ ਹੋਣ ਦੇ ਨਾਲ, ਇਹ ਕਾਫ਼ੀ ਪ੍ਰਭਾਵਸ਼ਾਲੀ ਹੋ ਸਕਦਾ ਹੈ. ਇਸ ਤਰ੍ਹਾਂ, ਉਮਰ ਦੀ ਪਰਵਾਹ ਕੀਤੇ ਬਿਨਾਂ, ਸਿੱਖਿਆ ਵਿੱਚ ਸੰਗੀਤ ਨੂੰ ਸ਼ਾਮਲ ਕਰਨਾ ਸਿੱਖਣ 'ਤੇ ਮਹੱਤਵਪੂਰਨ ਪ੍ਰਭਾਵ ਪਾਵੇਗਾ।





# ਕਮਲਜੀਤ ਸਿੰਘ ਬਨਵੈਤ ਦੀ ਪੁਸਤਕ ਤੋਕੜ ਸਮਾਜਿਕ ਸਰੋਕਾਰਾਂ ਦਾ ਦਸਤਾਵੇਜ਼

ਉਜਾਗਰ ਸਿੰਘ

ਕਮਲਜੀਤ ਸਿੰਘ ਬਨਵੈਤ ਮੁੱਢਲੇ ਤੌਰ 'ਤੇ ਪੱਤਰਕਾਰ ਹੈ। ਪੱਤਰਕਾਰੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਉਹ ਕਾਲਮ ਨਵੀਸ ਅਤੇ ਵਾਰਤਕਕਾਰ ਦੇ ਤੌਰ 'ਤੇ ਜਾਣਿਆਂ ਜਾਂਦਾ ਹੈ। ਹਰ ਰੋਜ਼ ਉਸਦੇ ਲੇਖ ਅਖ਼ਬਾਰਾਂ ਦਾ ਸ਼ਿੰਗਾਰ ਬਣਦੇ ਹਨ। ਉਸ ਦੀ ਕਮਾਲ ਇਸ ਗੱਲ ਵਿੱਚ ਹੈ ਕਿ ਆਮ ਲੇਖਕਾਂ ਵੱਲੋਂ ਅਣਡਿਠ ਮੁੱਦਿਆਂ ਨੂੰ ਉਹ ਬੜੀ ਬਾਰੀਕੀ ਨਾਲ ਬਹੁਤ ਥੋੜ੍ਹੇ ਸ਼ਬਦਾਂ ਵਿੱਚ ਲਿਖ ਕੇ ਪਾਠਕਾਂ ਦੇ ਦਿਲਾਂ ਵਿੱਚ ਤੁਣਕੇ ਮਾਰਦਾ ਹੈ। ਉਸਦੇ ਲੇਖਾਂ ਦੀ ਰਵਾਨਗੀ ਦਰਿਆ ਦੀਆਂ ਲਹਿਰਾਂ ਦੀ ਤਰ੍ਹਾਂ ਪਾਠਕਾਂ ਦੇ ਮਨਾਂ ਵਿੱਚ ਤਰੰਗਾਂ ਪੈਦਾ ਕਰ ਦਿੰਦੀਆਂ ਹਨ। ਉਸ ਨੇ ਹੁਣ ਤੱਕ ਇੱਕ ਦਰਜਨ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ। ਚਰਚਾ ਅਧੀਨ ਪੁਸਤਕ 'ਤੋਕੜ' ਵਿੱਚ ਛੋਟੇ- ਛੋਟੇ 28 ਲੇਖ ਹਨ। ਇਨ੍ਹਾਂ ਲੇਖਾਂ ਦੇ ਵਿਸ਼ੇ ਤੇ ਮੁੱਦੇ ਇਨਸਾਨੀਅਤ ਦੀ ਮਾਨਸਿਕਤਾ ਨਾਲ ਸੰਬੰਧਤ ਹਨ। ਇੱਕ ਸੁਜੱਗ ਕਾਲਮ ਨਵੀਸ ਤੇ ਲੇਖਕ ਹੋਣ ਕਰਕੇ ਉਹ ਵਰਤਮਾਨ ਸਮਾਜ ਦੀ ਮਾਨਸਿਕਤਾ ਨੂੰ ਮਹਿਸੂਸ ਕਰਦਾ ਹੋਇਆ ਲਘੂ ਲੇਖ ਲਿਖਦਾ ਹੈ ਕਿਉਂਕਿ ਪਾਠਕਾਂ ਕੋਲ ਨਾ ਸਮਾਂ ਹੁੰਦਾ ਅਤੇ ਨਾ ਹੀ ਲੰਬੇ ਲੇਖਾਂ ਵਿੱਚ ਦਿਲਚਸਪੀ ਰੱਖਦੇ ਹਨ। ਉਸ ਦੇ ਲੇਖਾਂ ਦੇ ਨਾਮ ਵੀ ਪਾਠਕਾਂ ਨੂੰ ਪ੍ਰਭਾਵਤ ਕਰਦੇ ਹਨ, ਜਿਸ ਕਰਕੇ ਪਾਠਕ ਤੁਰੰਤ ਪੜ੍ਹ ਲੈਂਦੇ ਹਨ।

ਪੁਸਤਕ ਦਾ ਨਾਮ 'ਤੋਕੜ' ਪੰਜਾਬ ਦੀ ਦਿਹਾਤੀ ਵਿਰਾਸਤ ਵਿੱਚ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿਸ ਬਾਰੇ ਸ਼ਹਿਰੀ ਸਭਿਆਚਾਰ ਵਾਲੇ ਲੋਕਾਂ ਨੂੰ ਜਾਣਕਾਰੀ ਨਹੀਂ। ਤੋਕੜ ਲੇਖ ਇੱਕ ਬਜ਼ੁਰਗ ਦੇ ਬੁਢਾਪੇ ਵਿੱਚ ਉਸ ਦੇ ਪਰਿਵਾਰ ਵੱਲੋਂ ਅਣਡਿਠ ਕਰਨ ਦੀ ਤ੍ਰਾਸਦੀ ਦਾ ਪ੍ਰਗਟਾਵਾ ਹੈ। ਬਜ਼ੁਰਗ ਨੇ ਆਪਣੇ ਪਰਿਵਾਰ ਦਾ ਬਾਖ਼ੂਬੀ ਪਾਲਣ ਪੋਸ਼ਣ ਕੀਤਾ ਪ੍ਰੰਤੂ ਜਦੋਂ ਉਸਨੂੰ ਬੁਢਾਪੇ ਵਿੱਚ ਵੇਖ ਭਾਲ ਕਰਨ ਦੀ ਲੋੜ ਪਈ ਤਾਂ ਬੱਚੇ ਉਸ ਨੂੰ ਵਾਧੂ ਭਾਰ ਸਮਝਣ ਲੱਗ ਪਏ। ਮੇਰੀ ਸਮਝ ਅਨੁਸ-ਾਰ ਅਜਿਹੇ ਸ਼ਬਦਾਂ ਤੇ ਸਿਰਲੇਖਾਂ ਦੀ ਵਰਤੋਂ ਕਰਕੇ ਕਮਲਜੀਤ ਬਨਵੈਤ ਆਧੁਨਿਕ ਸਮੇਂ ਦੀ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਮਹੱਤਵਪੂਰਨ ਕਾਰਜ ਕਰ ਰਹੇ ਹਨ। ਪੁਸਤਕ ਦਾ ਪਹਿਲਾ ਲੇਖ ਪੜ੍ਹਨ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਮਿਹਨਤ ਹਮੇਸ਼ਾ ਬਚਨ ਸਿੰਘ ਦੀ ਤਰ੍ਹਾਂ ਰੰਗ ਲਿਆਉਂਦੀ ਹੈ ਪ੍ਰੰਤੂ ਨੌਜਵਾਨ ਪੀੜ੍ਹੀ ਆਪਣੇ ਬਜ਼ੁਰਗਾਂ/ਮਾਨਵਤਾ ਨੂੰ ਬਣਦਾ ਮਾਨ ਸਨਮਾਨ ਨਹੀਂ ਦਿੰਦੀ ਸਗੋਂ ਪਾਲਤੂ ਕੁਤਿਆਂ ਨੂੰ ਤਰਜੀਹ ਦਿੰਦੀ ਹੈ।

ਦਸਵੰਧ ਲੇਖ ਦਿਹਾਤੀ ਭਾਈਚਾਰੇ ਦੀ ਸਾਂਝੀਵਾਲਤਾ ਦੀ ਭਾਵਨਾ ਅਤੇ ਹਰ ਝਗੜੇ ਵਿੱਚ ਸਮਝੌਤਾ ਕਰਨ ਦੀ ਸਿਆਣਪ ਦੀ ਪ੍ਰਤੀਕ ਹੈ। ਇਸ ਵਿੱਚ ਪੁਲਿਸ ਦੇ ਲਾਲਚੀ ਸੁਭਾਅ ਬਾਰੇ ਵੀ ਚਾਨਣਾ ਪਾਉਂਦਾ ਹੈ। 'ਡੇਰਾ ਸੰਤ ਬਾਬਾ ਰੱਬ ਸਿੰਘ' ਲੇਖ ਜੁਗਾੜੀ ਅਧਿਕਾਰੀਆਂ ਅਤੇ ਸਿਆਸਤਦਾਨਾ ਦਾ ਵੋਟਾਂ ਬਦਲੇ ਗ਼ਲਤ ਕੰਮ ਕਰਨ, ਡੇਰਿਆਂ ਦੀ ਮਹੱਤਤਾ ਅਤੇ ਕਾਨੂੰਨ ਵਿਵਸਥਾ ਬਾਰੇ ਸੁਚੱਜੇ ਢੰਗ ਨਾਲ ਜਾਣਕਾਰੀ ਪ੍ਰਦਾਨ ਕਰਦਾ ਹੈ। 'ਟੈਰਾਲੀਨ ਦੀ ਸ਼ਰਟ' ਪੁਰਾਤਨ ਤੇ




ਆਧੁਨਿਕ ਜ਼ਿੰਦਗੀ ਦੀਆਂ ਲੋੜਾਂ ਦੇ ਅੰਤਰ ਦਾ ਪ੍ਰਗਟਾਵਾ ਕਰਦੀ ਹੈ। 'ਬੰਦਾ' ਲੇਖ ਵਿੱਚ ਉਚੇ ਅਹੁਦਿਆਂ ਵਾਲੇ ਵਿਅਕਤੀ ਹੋਰ ਲੋਕਾਂ ਨੂੰ ਬੰਦਾ ਹੀ ਨਹੀਂ ਸਮਝਦੇ, ਉਨ੍ਹਾਂ ਦੇ ਅਹੁਦਿਆਂ ਦੀ ਹਉਮੈ ਮੂੰਹ ਚੜ੍ਹਕੇ ਬੋਲਦੀ ਹੈ। 'ਇਨਸਾਨੀਅਤ' ਲੇਖ ਵਿੱਚ ਦਰਸਾਇਆ ਗਿਆ ਹੈ ਕਿ ਸਮੇਂ ਦੇ ਬਦਲਣ ਨਾਲ ਬੀਮਾਰੀਆਂ, ਉਨ੍ਹਾਂ ਦੇ ਇਲਾਜ ਅਤੇ ਇਨਸਾਨ ਬਦਲ ਗਏ ਹਨ। ਮਾਨਵਤਾ ਦੇ ਦਰਦ ਵਾਲਾ ਭਾਵਨਾਤਮਿਕ ਲੇਖ ਹੈ।

'ਧਨ ਪਿਰੁ' ਲੇਖ ਸਾਂਝੇ ਪਰਿਵਾਰਾਂ, ਵੱਡਿਆਂ ਦੀ ਕਦਰ, ਦਾਨ ਕਰਨ ਦਾ ਸਕੂਨ ਅਤੇ ਸਾਦਗੀ ਬਾਰੇ ਚਾਨਣਾ ਪਾਉਂਦਾ ਹੋਇਆ ਇਨਸਾਨੀਅਤੀ ਦੀ ਕਦਰ ਕਰਨ ਦੀ ਪ੍ਰੇਰਨਾ ਦਿੰਦਾ ਹੈ। 'ਇੰਝ ਮਿਲੀ ਮੈਨੂੰ ਕਾਰ' ਲੇਖ ਵਿੱਚ ਪੀ.ਜੀ.ਆਈ. ਵਿੱਚੋਂ ਚੋਰੀ ਹੋਈ ਕਾਰ ਲੱਭਣ ਵਿੱਚ ਪੀ.ਜੀ.ਆਈ.ਸਟਾਫ ਤੇ ਚੰਡੀਗੜ੍ਹ ਪੁਲਿਸ ਦੀ ਚੁਸਤੀ ਫੁਰਤੀ ਅਤੇ ਪੰਜਾਬ ਪੁਲਿਸ ਦੀ ਅਵੇਸਲੀ ਕਾਰਗੁਜ਼ਾਰੀ ਦਾ ਪ੍ਰਗਟਾਅ ਕਰਦਾ ਹੈ। 'ਕੌਕਟੇਲ ਮੌਕਟੇਲ' ਵਿੱਚ ਦਰਸਾਇਆ ਗਿਆ ਹੈ ਕਿ ਪੁਰਾਣੀ ਸੋਚ ਵਾਲੇ ਮਾਪੇ ਲੜਕੀਆਂ ਨੂੰ ਬਰਾਬਰ ਦੇ ਮੌਕੇ ਦੇਣ ਦੇ ਵਿਰੁੱਧ ਹੁੰਦੇ ਹਨ ਪ੍ਰੰਤੂ ਜਦੋਂ ਹੋਰ ਲੜਕੀਆਂ ਦੇ ਮਾਪਿਆਂ ਦੀ ਫਰਾਕਦਿਲੀ ਵੇਖਦੇ ਹਨ ਫਿਰ ਉਨ੍ਹਾਂ ਨੂੰ ਸਮਝ ਆਉਂਦੀ ਹੈ। 'ਕੀੜੀ ਦਾ ਆਟਾ' ਲੇਖ ਮਾੜੀ ਮੋਟੀ ਤਕਲੀਫ਼ ਤੋਂ ਬੱਚਿਆਂ ਦਾ ਧਿਆਨ ਹਟਾਉਣ ਲਈ ਅਜਿਹੀ ਗੱਲ ਕਰਕੇ ਬਜ਼ੁਰਗ ਟਾਲ ਦਿੰਦੇ ਸਨ ਪ੍ਰੰਤੂ ਅੱਜ ਕਲ੍ਹ ਦੇ ਲੋਕਾਂ ਵਿੱਚ ਇਹ ਘਾਟ ਮਹਿਸੂਸ ਹੁੰਦੀ ਹੈ, ਉਹ ਲੜਾਈ ਮੁੱਲ ਲੈਣ ਲਈ ਤਿਆਰ ਰਹਿੰਦੇ ਹਨ ਕਿਉਂਕਿ ਉਨ੍ਹਾਂ ਵਿੱਚ ਬਰਦਾਸ਼ਤ ਕਰਨ ਲਈ ਸ਼ਹਿਨਸ਼ੀਲਤਾ ਦੀ ਅਣਹੋਂਦ ਹੈ। 'ਮੈਂ ਭਿਖਾਰੀ ਨਹੀਂ' ਲੇਖ ਸਾਈਬਰ ਫਰਾਡ ਅਤੇ ਸ਼ੋਸ਼ਲ ਮੀਡੀਆ/ਫੇਸ ਬੁੱਕ ਦੀ ਦੁਰਵਰਤੋਂ ਕਰਨ ਤੋਂ ਬਚਣ ਦੀ ਸਲਾਹ ਦਿੰਦੀ ਹੈ।

'ਬੇਬੀ' ਲੇਖ ਪਰਵਾਸ ਦੀ ਜ਼ਿੰਦਗੀ ਦੀ ਤਸਵੀਰ ਖਿਚਦਾ ਹੈ, ਜਿਸ ਵਿੱਚ ਪਤੀ ਪਤਨੀ ਦੀ ਵਫ਼ਦਾਰੀ ਦੀ ਘਾਟ ਮਹਿਸੂਸ ਹੁੰਦੀ ਹੈ। 'ਕਿਤੇ ਮੈਂ ਮੰਤਰੀ ਨਹੀਂ ਸੰਤਰੀ ਹੁੰਦਾ' ਸਿਆਸਤਦਾਨਾ ਵੱਲੋਂ ਭਰਿਸ਼ਟਾਚਾਰ ਕਰਨ ਅਤੇ ਫਿਰ ਬਚਣ ਲਈ ਢੰਗ ਤਰੀਕੇ ਲੱਭਣ ਬਾਰੇ ਜਾਣਕਾਰੀ ਦਿੰਦਾ ਹੈ। 'ਖਾਲਿਸਤਾਨੀ' ਲੇਖ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਹੋ ਰਹੇ ਵਰਤਾਓ ਦਾ ਪਰਦਾ ਫਾਸ਼ ਕਰਦਾ ਹੈ, ਜਦੋਂ ਇੱਕ ਸਿੱਖ ਕਾਰੋਬਾਰ ਲਈ ਕਲੀਨ ਸ਼ੇਵ ਬਣਦਾ ਹੈ ਪ੍ਰੰਤੂ ਫਿਰ ਵੀ ਬਚਾਅ ਨਹੀਂ ਹੁੰਦਾ। 'ਬਾਰ ਪਰਾਏ ਬੈਸਣਾ' ਵਿੱਚ ਇਸਤਰੀਆਂ ਦਾ ਆਮ ਤੌਰ 'ਤੇ ਆਪਣੇ ਮਰਦਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣਾ, ਲੜਕੀਆਂ ਦੇ ਜੰਮਣ 'ਤੇ ਇਸਤਰੀਆਂ ਵੱਲੋਂ ਬੁਰਾ ਮਨਾਉਣਾ ਅਤੇ ਇਨਸਾਨ ਦੇ ਮਾੜੇ ਵਕਤ ਵਿੱਚ ਆਪਣਿਆਂ ਦਾ ਬਿਗਾਨੇ ਬਣਨ ਬਾਰੇ ਹੈ। 'ਗਹੁਣੀਆਂ ਆਈ.ਏ.ਐਸ.' ਲੇਖ ਨੌਜਵਾਨ ਵਿਦਿਆਰਥੀਆਂ ਨੂੰ ਮਾਪਿਆਂ ਵੱਲੋਂ ਆਪਣੇ ਅਨੁਸਾਰ ਚਲਾਉਣ ਦੇ ਗ਼ਲਤ ਨਤੀਜੇ ਨਿਕਲਣ ਬਾਰੇ ਚੇਤੰਨ ਕਰਦਾ ਹੈ। 'ਬਗਲੇ ਭਗਤ' ਅਤੇ 'ਮਨ ਮੰਦਰ' ਲੇਖਾਂ ਰਾਹੀਂ ਗੁਰਦੁਆਰਿਆਂ ਦੀ ਬਹੁਤਾਤ, ਸਕੂਲਾਂ ਤੇ ਹਸਪਤਾਲਾਂ ਦੀ ਘਾਟ ਪ੍ਰੰਤੂ ਗੁਰਦੁਆਰੇ ਗੋਲਕ ਦੀ ਮਾਇਆ ਕਰਕੇ ਝਗੜਿਆਂ ਦਾ ਕੇਂਦਰ ਬਣ ਗਏ ਹਨ। 'ਮਾਂ ਮਰੀ ਨਹੀਂ' ਲੇਖ ਵਿੱਚ ਕੈਂਸਰ ਦੀ ਬੀਮਾਰੀ ਦਾ ਵਧਣਾ, ਪੀ.ਜੀ.ਆਈ.ਵਿੱਚ ਇਲਾਜ ਲਈ ਖੱਜਲ ਖੁਆਰੀ ਪ੍ਰੰਤੂ ਵਧੀਆ ਇਲਾਜ, ਮੁਫ਼ਤ ਲੰਗਰ ਦੂਜੇ ਪਾਸੇ ਚੋਰੀਆਂ ਦੀ ਬਹੁਤਾਤ ਬਾਰੇ ਹੈ।

ਚੋਣਵੇਂ ਪਰਿਵਾਰ ਮੁਫ਼ਤ ਲੰਗਰ ਦੀ ਥਾਂ ਆਪਣੀ ਜ਼ਮੀਨ ਦੀ ਕਮਾਈ ਤੇ ਵਿਸ਼ਵਾਸ਼ ਕਰਦੇ ਹਨ। 'ਬਦਲਾਅ' ਵਿੱਚ ਦੱਸਿਆ ਹੈ ਕਿ ਪਹਿਲੇ ਸਮੇਂ ਹੱਥੀਂ ਕੰਮ ਕਰਕੇ ਜਦੋਜਹਿਦ ਕਰਨੀ ਪੈਂਦੀ ਸੀ ਪ੍ਰੰਤੂ ਨਵੀਂ ਪੀੜ੍ਹੀ ਬੇਪ੍ਰਵਾਹ ਹੈ। ਮਾਪੇ ਜੋ ਬੱਚਿਆਂ ਨੂੰ ਸਿਖਾਉਣਗੇ, ਉਸ ਦਾ ਅਸਰ ਉਨ੍ਹਾਂ ਤੇ ਵੀ ਹੋਵੇਗਾ। ਜੋ ਬੀਜੋਗੇ ਉਹੀ ਵੱਢਣਾ ਪਵੇਗਾ। ' 'ਤੇ ਅੱਕ ਚੱਬਣਾ ਪਿਆ' ਵਿੱਚ ਸਖ਼ਤ ਮਿਹਨਤ ਦੀ ਲੋੜ 'ਤੇ ਜ਼ੋਰ ਦਿੱਤਾ। ਮਜ਼ਬੂਰੀ ਹਰ ਜਾਇਜ਼ ਨਜ਼ਾਇਜ ਕੰਮ ਕਰਵਾਉਂਦੀ ਹੈ। 'ਹਵਾ 'ਚ ਲਟਕਦਾ ਮਨੁੱਖ' ਵਿੱਚ ਪੁਰਾਣੀਆਂ ਤੇ ਨਵੀਂਆਂ ਪਰੰਪਰਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। 'ਬੰਦਾ-ਕੁਬੰਦਾ ਲੇਖ ਦੋ ਪਰਿਵਾਰਾਂ ਦੀ ਤੁਲਨਾ ਰਾਹੀਂ ਇਕ ਪਰਿਵਾਰ ਦਾ ਮਰਦ ਆਪਣੀ ਪਤਨੀ ਲਈ ਅਗਾਊਂ ਸੇਵਾ ਮੁਕਤੀ ਲੈਂਦਾ ਹੈ, ਦੂਜਾ ਪਤਨੀ ਦੀ ਵੇਖ ਭਾਲਦੀ ਥਾਂ ਸੈਰ ਸਪਾਟਾ ਕਰਨ ਨੂੰ ਤਰਜ਼ੀਹ ਦਿੰਦਾ ਹੈ। ਤੇਰਾਂ-ਤੇਰਾਂ ਮਾਪਿਆਂ ਵੱਲੋਂ ਦੋਹਾਂ ਲੜਕਿਆਂ ਨੂੰ ਵਿਤੋਂ ਬਾਹਰੇ ਹੋ ਕੇ ਕਰਜ਼ੇ ਨਾਲ ਪੜ੍ਹਾਇਆ ਪ੍ਰੰਤੂ ਬੱਚਿਆਂ ਨੇ ਡਾਕਟਰ ਬਣਕੇ ਆਪਣੇ ਬਾਪ ਦੇ ਭੋਗ 'ਤੇ ਤੇਰਾਂ-ਤੇਰਾਂ ਦੇ ਨਾਂ ਦਾ ਡੱਬਾ ਰੱਖਕੇ ਪੈਸੇ ਇਕੱਠੇ ਕਰਨ ਨੂੰ ਤਰਜ਼ੀਹ ਦਿੱਤੀ। ਇਸ ਤੋਂ ਅੱਜ ਕਲ੍ਹ ਬਜ਼ੁਰਗਾਂ ਪ੍ਰਤੀ ਬੱਚਿਆਂ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ। 'ਟੈਡੀ ਬਿਅਰ' ਲੇਖ ਪਰਵਾਸ ਵਿੱਚ ਲੜਕੀਆਂ ਵਿਆਹ ਤੋਂ ਪਹਿਲਾਂ ਲਿਵ ਇਨ ਰਿਲੇਸ਼ਨ ਵਿੱਚ ਰਹਿਕੇ ਮਰਦਾਂ ਦੀ ਪਛਾਣ ਕਰਦੀਆਂ ਹਨ ਕਿ ਉਨ੍ਹਾਂ ਨਾਲ ਰਹਿ ਵੀ ਸਕਦੀਆਂ ਹਨ। ਇੱਥੋਂ ਤੱਕ ਕਿ ਕੁੱਤੇ ਬਿਲੀਆਂ ਰੱਖਕੇ ਦਿਲ ਪਰਚਾਉਂਦੀਆਂ ਹਨ।

ਟੈਡੀ ਬਿਅਰ ਨਾਲ ਵਿਆਹ ਵੀ ਕਰ ਲੈਂਦੀਆਂ ਹਨ ਕਿਉਂਕਿ ਉਹ ਇਸਤਰੀਆਂ ਨੂੰ ਮਰਦਾਂ ਦੀ ਤਰ੍ਹਾਂ ਟੋਕਦੇ ਤੇ ਰੋਕਦੇ ਨਹੀਂ। 'ਪੰਜਾਬ ਡੁੱਬਿਆ' ਲੇਖ ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾ ਦੀ ਤਰ੍ਹਾਂ ਪੰਜਾਬ ਦੇ ਲੋਕ ਕੁਦਰਤੀ ਆਫ਼ਤਾਂ ਦਾ ਖ਼ੁਦ ਮੁਕਾ-ਬਲਾ ਕਰਦੇ ਹਨ ਤੇ ਸਰਕਾਰਾਂ ਨੂੰ ਕੋਸਦੇ ਤਾਂ ਹਨ ਪ੍ਰੰਤੂ ਬਹੁਤੀ ਆਸ ਨਹੀਂ ਰੱਖਦੇ। ਹੜ੍ਹਾਂ ਤੋਂ ਪ੍ਰਭਾਵਤ ਲੋਕ ਖ਼ੁਦ ਵੀ ਬਹੁਤੇ ਪ੍ਰਭਾਵਤ ਲੋਕਾਂ ਨੂੰ ਲੰਗਰ ਵੰਡਦੇ ਫਿਰਦੇ ਰਹਿੰਦੇ ਹਨ। ਇਹੋ ਸੋਚ ਪੰਜਾਬੀਆਂ ਦੀ ਖਾਸੀਅਤ ਦਾ ਵਰਨਣ ਕਰਦੀ ਹੈ। ਕਰੋਨਾ ਵਿੱਚ ਵੀ ਮਦਦਗਾਰ ਸਾਬਤ ਹੋਏ ਹਨ। ਸਿਆਸੀ ਲੋਕ ਤੇ ਫੁਕਰੇ ਲੋਕ ਵੀਡੀਓਜ਼ ਬਣਾਕੇ ਬਿਨਾਂ ਕੋਈ ਮਦਦ ਕੀਤੇ ਸ਼ਾਹਵਾ ਵਾਹਵਾ ਖੱਟਦੇ ਹਨ। 'ਮਾਂ ਦਾ ਢਿੱਡ' ਲੇਖ ਵਿੱਚ ਦਰਸਾਇਆ ਹੈ ਕਿ ਮਾਂ ਆਪਣੇ ਪੁੱਤਰਾਂ ਦੀ ਹਮੇਸ਼ਾ ਤਰਫਦਾਰੀ ਕਰਦੀ ਹੈ ਪ੍ਰੰਤੂ ਪਿਤਾ ਪੁੱਤਰਾਂ ਦੇ ਸੁਨਹਿਰੇ ਭਵਿਖ ਲਈ ਸਖ਼ਤੀ ਨਾਲ ਵਰਤਦਾ ਹੈ। ਭਵਿਖ ਵਿੱਚ ਕਮਲਜੀਤ ਸਿੰਘ ਬਨਵੈਤ ਤੋਂ ਹੋਰ ਬਿਹਤਰੀਨ ਪੁਸਤਕਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

100 ਪੰਨਿਆਂ, 220 ਰੁਪਏ ਕੀਮਤ, ਦਿਲਕਸ਼ ਮੁੱਖ ਕਵਰ ਅਤੇ ਵਿਲੱਖਣ ਸਿਰਲੇਖ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

# ਐੱਸ.ਵਾਈ.ਐੱਲ. ਦੀ ਉਸਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਪੰਜਾਬ ਕੋਲ ਹੋਰਨਾਂ ਸੂਬਿਆਂ ਨੂੰ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਨਹੀਂ : ਭਗਵੰਤ ਸਿੰਘ ਮਾਨ

## ਭਾਰਤ ਸਰਕਾਰ ਦੁਆਰਾ ਬੁਲਾਈ ਗਈ ਅੰਤਰਰਾਜੀ ਮੀਟਿੰਗ ਵਿੱਚ ਐੱਸ.ਵਾਈ.ਐੱਲ. ਦੀ ਉਸਾਰੀ ਦਾ ਡਟ ਕੇ ਵਿਰੋਧ ਕੀਤਾ



ਚੰਡੀਗੜ੍ਹ, 28 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਉਸਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਸੂਬੇ ਕੋਲ ਕਿਸੇ ਨੂੰ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਨਹੀਂ ਹੈ।

ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੱਲੋਂ ਬੁਲਾਈ ਗਈ ਅੰਤਰਰਾਜੀ ਮੀਟਿੰਗ ਵਿੱਚ ਪੰਜਾਬ ਦੇ ਕੇਸ ਨੂੰ ਜ਼ੋਰਦਾਰ ਢੰਗ ਨਾਲ ਰੱਖਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੂੰ ਆਪਣੀਆਂ ਸਿੰਜਾਈ ਲੋੜਾਂ ਪੂਰੀਆਂ ਕਰਨ ਲਈ 54 ਐਮ.ਏ.ਐਫ. ਤੋਂ ਵੱਧ ਪਾਣੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਥਿਤੀ ਇੰਨੀ ਗੰਭੀਰ ਹੈ ਕਿ ਪੰਜਾਬ ਕੋਲ ਸਿਰਫ 14 ਐਮ.ਏ.ਐਫ. ਪਾਣੀ ਹੈ, ਜੋ ਕਿਸਾਨਾਂ ਨੂੰ ਦਿੱਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਹਾਲਾਤ ਵਿੱਚ ਕਿਸੇ ਹੋਰ ਰਾਜ ਨੂੰ ਪਾਣੀ ਦੀ ਇੱਕ ਬੂੰਦ ਵੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਪੰਜਾਬ ਐਸ.ਵਾਈ.ਐਲ. ਦੀ ਉਸਾਰੀ ਦਾ ਸਖ਼ਤੀ ਨਾਲ ਵਿਰੋਧ ਕਰਦਾ ਹੈ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਤਲੁਜ ਦਰਿਆ ਪਹਿਲਾਂ ਹੀ ਸੁੱਕ ਚੁੱਕਾ ਹੈ ਅਤੇ ਇਸ ਵਿੱਚੋਂ ਪਾਣੀ ਦੀ ਇੱਕ ਬੂੰਦ ਵੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਕੋਈ ਵਾਧੂ ਪਾਣੀ ਨਹੀਂ ਹੈ ਅਤੇ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਪਾਣੀ ਦੀ ਉਪਲਬਧਤਾ ਦਾ ਮੁੜ ਮੁਲਾਂਕਣ ਕਰਨਾ ਜ਼ਰੂਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ 76.5% ਬਲਾਕ (153 ਵਿੱਚੋਂ 117) ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਚੁੱਕਾ ਹੈ, ਜਿੱਥੇ ਪਾਣੀ ਕੱਢਣ ਦਾ ਪੜਾਅ 100% ਨੂੰ ਪਾਰ ਕਰ ਗਿਆ ਹੈ, ਜਦੋਂ ਕਿ ਹਰਿਆਣਾ ਵਿੱਚ ਸਿਰਫ਼ 61.5% (143 ਵਿੱਚੋਂ 88) ਬਲਾਕਾਂ ਵਿੱਚ ਪਾਣੀ ਦਾ ਪੱਧਰ ਹੇਠਾਂ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੇ ਸੰਕਟ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਜਿਸ ਕਰਕੇ ਸੂਬਾ ਸਰਕਾਰ ਐਸ.ਵਾਈ.ਐਲ. ਦੀ ਉਸਾਰੀ ਲਈ ਚੁੱਕੇ ਗਏ ਕਿਸੇ ਵੀ ਕਦਮ ਦਾ ਡਟਵਾਂ ਵਿਰੋਧ ਕਰੇਗੀ। ਪਾਣੀ ਦੇ ਤੇਜ਼ੀ ਨਾਲ ਘਟ ਰਹੇ ਪੱਧਰ ਤੋਂ ਪੈਦਾ ਹੋ ਰਹੀ ਸਥਿਤੀ ਦੀ ਗੰਭੀਰਤਾ 'ਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਹੀ ਅਫ਼ਸੋਸ ਦੀ ਗੱਲ ਹੈ ਕਿ ਦੁਬਈ ਅਤੇ ਹੋਰ ਖਾੜੀ ਦੇਸ਼ਾਂ ਵਿੱਚ ਤੇਲ ਕੱਢਣ ਲਈ ਜਿਨ੍ਹਾਂ ਹਾਈ ਪਾਵਰ ਮੋਟਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹੀ ਮੋਟਰਾਂ ਦੀ ਵਰਤੋਂ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਨੂੰ ਕੱਢਣ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਚਿੰਤਾਜਨਕ ਸਥਿਤੀ ਵਿੱਚ ਸੂਬੇ ਦੇ ਪਾਣੀਆਂ ਦੀ ਵੰਡ ਲਈ ਐਸ.ਵਾਈ.ਐਲ. ਨਹਿਰ ਦੀ ਉਸਾਰੀ ਦੀ ਇਜਾਜ਼ਤ ਕਿਵੇਂ ਦਿੱਤੀ ਜਾ ਸਕਦੀ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬੇ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਕੋਈ ਵਾਧੂ ਪਾਣੀ ਨਹੀਂ ਹੈ, ਇਸ ਲਈ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਬਜਾਏ ਹੁਣ ਇਸ ਪ੍ਰਾਜੈਕਟ ਨੂੰ ਯਮੁਨਾ ਸਤਲੁਜ ਲਿੰਕ (ਵਾਈ.ਐਸ.ਐਲ.) ਵਜੋਂ ਵਿਚ-'ਰਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਪਹਿਲਾਂ ਹੀ ਸੁੱਕ ਚੁੱਕਾ ਹੈ ਅਤੇ ਇਸ ਵਿੱਚੋਂ ਪਾਣੀ ਦੀ ਇੱਕ ਬੂੰਦ ਵੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦੇ ਉਲਟ ਗੰਗਾ ਅਤੇ ਯਮੁਨਾ ਦਾ ਪਾਣੀ ਸਤਲੁਜ ਦਰਿਆ ਰਾਹੀਂ ਪੰਜਾਬ ਨੂੰ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਮੁੱਦਾ ਕੇਂਦਰ ਸਰਕਾਰ ਕੋਲ ਵੀ ਉਠਾ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਾਣੀ ਦੀ ਘੱਟ ਉਪਲਬਧਤਾ ਦੇ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ ਹੈ ਅਤੇ ਇਹ ਸੁਪਰੀਮ ਕੋਰਟ ਦੇ ਫੈਸਲੇ ਵਿੱਚ ਵੀ ਦਰਜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹੱਕਾਂ ਦੀ ਰਾਖੀ ਲਈ ਅੱਗੇ ਹੋਣ ਵਾਲੀਆਂ ਸੁਣਵਾਈਆਂ ਵਿੱਚ ਵੀ ਸੁਪਰੀਮ ਕੋਰਟ ਵਿੱਚ ਸੂਬੇ ਦੇ ਕੇਸ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੂਬੇ ਅਤੇ ਇੱਥੋਂ ਦੇ ਲੋਕਾਂ ਦੇ ਹਿੱਤਾਂ ਦੀ ਹਰ ਹੀਲੇ ਰਾਖੀ ਕਰੇ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਭਾਵੇਂ ਇਹ ਸੂਬੇ ਹਮੇਸ਼ਾ ਤੋਂ ਹੀ ਸੂਬੇ ਦੇ ਪਾਣੀਆਂ 'ਤੇ ਆਪਣੇ ਹੱਕ ਦਾ ਦਾਅਵਾ ਕਰਦੇ ਆ ਰਹੇ ਹਨ ਪਰ ਜਦੋਂ ਪਹਾੜੀ ਖੇਤਰਾਂ ਤੋਂ ਆਏ ਵਾਧੂ ਪਾਣੀ ਕਾਰਨ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਸੀ ਤਾਂ ਇਨ੍ਹਾਂ ਸੂਬਿਆਂ ਨੇ ਪੰਜਾਬ ਦਾ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਾੜੀ ਖੇਤਰਾਂ ਵਿੱਚ ਜ਼ਿਆਦਾ ਬਰਸਾਤ ਹੋਣ ਕਰਕੇ ਹੜ੍ਹਾਂ ਦੀ ਮਾਰ ਝੱਲੀ ਹੈ ਪਰ ਸਾਡੇ ਪਾਣੀਆਂ 'ਤੇ ਆਪਣਾ ਹੱਕ ਜਤਾਉਣ ਵਾਲੇ ਇਨ੍ਹਾਂ ਸੂਬਿਆਂ ਨੂੰ ਇਸ ਨਾਲ ਕੋਈ ਲੈਣਾ-ਦੇਣਾ ਨਹੀਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੜ੍ਹਾਂ ਕਰਕੇ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ ਪਰ ਸੂਬੇ ਤੋਂ ਪਾਣੀ ਮੰਗਣ ਵਾਲੇ ਇਨ੍ਹਾਂ ਸੂਬਿਆਂ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ।

# ਪੰਜਾਬ ਪੁਲਿਸ ਦੀ ਏਜੀਟੀਐਫ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਦਾ ਸੰਚਾਲਕ ਕੀਤਾ ਗ੍ਰਿਫ਼ਤਾਰ, ਇੱਕ ਪਿਸਤੌਲ, ਟੋਇਟਾ ਫਾਰਚੂਨਰ ਬਰਾਮਦ

## ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਨੂੰ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਵਿੱਚ ਵਿਦੇਸ਼ ਅਧਾਰਤ ਸੰਚਾਲਕਾਂ ਰਾਹੀਂ ਪਾਕਿ ਏਜੰਸੀਆਂ ਵੱਲੋਂ ਮਿਲ ਰਹੀ ਸੀ ਹਮਾਇਤ: ਡੀਜੀਪੀ ਗੌਰਵ ਯਾਦਵ



ਚੰਡੀਗੜ੍ਹ, 28 ਦਸੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਮੋਹਾਲੀ ਤੋਂ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਦੇ ਇੱਕ ਸੰਚਾਲਕ ਨੂੰ ਗ੍ਰਿਫ਼ਤਾਰ ਕਰਕੇ ਸੂਬੇ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਸਫ਼ਲਤਾਪੂਰਵਕ ਠੱਲ੍ਹ ਪਾਈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਸੰਚਾਲਕ ਦੀ ਪਛਾਣ ਵਿਕਰਮਜੀਤ ਸਿੰਘ ਉਰਫ ਵਿੱਕੀ ਵਾਸੀ ਸਤੀਏਵਾਲਾ, ਫਿਰੋਜ਼ਪੁਰ ਵਜੋਂ ਹੋਈ ਹੈ। ਮੁਲਜ਼ਮ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਕਤਲ, ਇਰਾਦਾ ਕਤਲ, ਆਰਮਜ਼ ਐਕਟ ਅਤੇ ਯੂਏਪੀਏ ਸਮੇਤ ਘਿਨਾਉਣੇ ਅਪਰਾਧਾਂ ਦੇ ਘੱਟੋ-ਘੱਟ 20 ਮਾਮਲਿਆਂ ਵਿੱਚ ਲੋੜੀਂਦਾ ਹੈ।

ਪੁਲਿਸ ਟੀਮਾਂ ਨੇ ਉਸ ਦੇ ਕਬਜ਼ੇ 'ਚੋਂ .30 ਕੈਲੀਬਰ ਦੇ ਇੱਕ ਚੀਨੀ ਪਿਸਤੌਲ ਸਮੇਤ 8 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਅਤੇ ਉਸ ਦੀ ਟੋਇਟਾ ਫਾਰਚੂਨਰ ਕਾਰ ਨੂੰ ਵੀ ਜ਼ਬਤ ਕਰ ਲਿਆ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਏਡੀਜੀਪੀ ਪ੍ਰਮੋਦ ਬਾਨ ਦੀ ਅਗਵਾਈ ਵਾਲੀ ਏਜੀਟੀਐਫ ਦੀਆਂ ਟੀਮਾਂ ਨੇ ਏਆਈਜੀ ਗੁਰਮੀਤ ਸਿੰਘ ਚੌਹਾਨ ਅਤੇ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਦੀ ਨਿਗਰਾਨੀ ਵਿੱਚ ਮੁਲਜ਼ਮ ਵਿੱਕੀ ਦਾ ਪਿੱਛਾ ਕਰਦਿਆਂ ਸੈਕਟਰ-91, ਮੋਹਾਲੀ ਸਥਿਤ ਅਪਾਰਟਮੈਂਟ, ਜਿੱਥੇ ਉਸ ਨੇ ਪਨਾਹ ਲਈ ਹੋਈ ਸੀ, ਤੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਵਿੱਕੀ, ਜਿਸ ਨੂੰ ਪਾਕਿ ਏਜੰਸੀਆਂ ਦੀ ਹਮਾਇਤ ਪ੍ਰਾਪਤ ਹੈ, ਗੋਲਡੀ ਬਰਾੜ ਅਤੇ ਸਾਬਾ (ਅਮਰੀਕਾ) ਜ਼ਰੀਏ ਪਾਕਿਸਤਾਨ ਅਧਾਰਤ ਨਸ਼ੇ ਤੇ ਹਥਿਆਰਾਂ ਦੇ ਤਸਕਰਾਂ ਦੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰੋਂ ਹਥਿਆਰਾਂ ਤੇ ਨਸ਼ਿਆਂ ਦੀ ਖੇਪ ਪ੍ਰਾਪਤ ਕਰਦਾ ਸੀ। ਡੀਜੀਪੀ ਨੇ ਦੱਸਿਆ ਕਿ ਮੁਲਜ਼ਮ ਵਿੱਕੀ ਨੂੰ ਵਿਰੋਧੀ ਗੈਂਗ ਦਵਿੰ-ਦਰ ਬੰਬੀਹਾ ਦੇ ਮੈਂਬਰ ਨੂੰ ਮਾਰਨ ਦਾ ਕੰਮ ਸੌਂਪਿਆ ਗਿਆ ਸੀ।

ਹੋਰ ਵੇਰਵੇ ਸਾਂਝੇ ਕਰਦਿਆਂ ਏਆਈਜੀ ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਦੋਸ਼ੀ ਵਿੱਕੀ 2018 ਵਿੱਚ ਰਾਜਸਥਾਨ ਦੇ ਗੰਗਾਨਗਰ ਵਿਖੇ ਜਿਮ ਵਿੱਚ ਗੋਲੀ ਮਾਰ ਕੇ ਕਤਲ ਕੀਤੇ ਗਏ ਆਪਣੇ ਵਿਰੋਧੀ ਜੌਰਡਨ ਦੇ ਸਨਸਨੀਖੇਜ਼ ਕਤਲ ਵਿੱਚ ਸ਼ੂਟਰ/ਗੈਂਗਸਟਰ ਅੰਕਿਤ ਭਾਦੂ (ਮ੍ਰਿਤਕ) ਦੇ ਸਹਿ-ਦੋਸ਼ੀਆਂ ਵਿੱਚੋਂ ਇੱਕ ਸੀ।

ਉਨ੍ਹਾਂ ਦੱਸਿਆ ਕਿ ਫਰਵਰੀ 2019 ਵਿੱਚ ਪੀਰਮੁਛੱਲਾ ਵਿਖੇ ਕੀਤੀ ਗਈ ਪੁਲਿਸ ਕਾਰਵਾਈ ਵਿੱਚ ਅੰਕਿਤ ਭਾਦੂ ਦੇ ਮਾਰੇ ਜਾਣ ਤੋਂ ਬਾਅਦ ਮੁਲਜ਼ਮ ਵਿਕਰਮਜੀਤ ਵਿੱਕੀ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਵਿੱਚ ਉਸਦੀ ਜਗ੍ਹਾ ਲੈ ਲਈ ਅਤੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਰਾਜਾਂ ਵਿੱਚ ਅਪਰਾਧਿਕ ਗਤੀਵਿਧੀਆਂ 'ਚ ਸਰਗਰਮੀ ਨਾਲ ਸ਼ਾਮਲ ਹੋ ਗਿਆ।

ਜ਼ਿਕਰਯੋਗ ਹੈ ਕਿ ਇਸ ਗੈਂਗ ਦੀ ਹਥਿਆਰਾਂ/ਨਸ਼ੇ ਦੀ ਤਸਕਰੀ ਦੀ ਚੇਨ ਨੂੰ ਠੱਲ੍ਹ ਪਾਉਣ ਲਈ ਵਿਕਰਮਜੀਤ ਵਿੱਕੀ ਦੀਆਂ ਅਪਰਾਧਿਕ ਗਤੀਵਿਧੀਆਂ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਥਾਣਾ ਸਟੇਟ ਕ੍ਰਾਈਮ, ਐਸ.ਏ.ਐਸ.ਨਗਰ ਵਿਖੇ ਅਸਲਾ ਐਕਟ ਦੀ ਧਾਰਾ 25 ਅਧੀਨ ਮੁਕੱਦਮਾ ਨੰਬਰ 16 ਮਿਤੀ 27/12/2023 ਨੂੰ ਦਰਜ ਕੀਤਾ ਗਿਆ ਹੈ।

# ਸਪੀਕਰ ਸੰਧਵਾਂ ਨੇ ਜ਼ਿਲ੍ਹਾ ਫਰੀਦਕੋਟ ਦੀ ਅਮਨ ਕਾਨੂੰਨ ਦੀ ਸਥਿਤੀ ਸਬੰਧੀ ਡੀ.ਜੀ.ਪੀ. ਪੰਜਾਬ ਨਾਲ ਕੀਤੀ ਸਮੀਖਿਆ ਮੀਟਿੰਗ



ਚੰਡੀਗੜ੍ਹ, 28 ਦਸੰਬਰ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀਤੀ ਸ਼ਾਮ ਜ਼ਿਲ੍ਹਾ ਫਰੀਦਕੋਟ ਦੀ ਅਮਨ ਕਾਨੂੰਨ ਦੀ ਸਥਿਤੀ ਸਬੰਧੀ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨਾਲ ਸਮੀਖਿਆ ਮੀਟਿੰਗ ਕੀਤੀ।

ਸੰਧਵਾਂ ਨੇ ਡੀ.ਜੀ.ਪੀ. ਤੋਂ ਜ਼ਿਲ੍ਹਾ ਫਰੀਦਕੋਟ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚ ਪੁਲੀਸ ਪ੍ਰਬੰਧਾਂ ਦੀ ਜਾਣਕਾਰੀ ਲੈਣ ਮਗਰੋਂ ਕਿਹਾ ਕਿ ਜ਼ਿਲ੍ਹੇ ਵਿੱਚ ਪੁਲੀਸ ਗਸ਼ਤ ਤੇਜ ਕਰਨ, ਨਾਕਾਬੰਦੀ ਵਧਾਉਣ ਅਤੇ ਸ਼ੱਕੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ।

ਸੰਧਵਾਂ ਨੇ ਕਿਹਾ ਕਿ ਪਿਛਲੇ ਦਿਨੀਂ ਫਰੀਦਕੋਟ ਜ਼ਿਲ੍ਹੇ ਅੰਦਰ ਰਾਹਗੀਰਾਂ ਨੂੰ ਲੁੱਟਣ ਦੀਆਂ ਕੁੱਝ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਪੁਲੀਸ ਮੁਖੀ ਨੂੰ ਕਿਹਾ ਕਿ ਅਜਿਹੇ ਅਨਸਰਾਂ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆ ਨਾ ਜਾਵੇ।

ਸਪੀਕਰ ਸੰਧਵਾਂ ਨੇ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਚੰਗਾ ਪੁਲੀਸ ਪ੍ਰਬੰਧ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਇਸ ਮੌਕੇ ਪੰਜਾਬ ਪੁਲੀਸ ਮੁਖੀ ਸ੍ਰੀ ਗੌਰਵ ਯਾਦਵ ਨੇ ਕਿਹਾ ਕਿ ਜ਼ਿਲ੍ਹਾ ਫਰੀਦਕੋਟ ਸਮੇਤ ਪੰਜਾਬ ਭਰ 'ਚ ਅਮਨ ਕਾਨੂੰਨ ਦੀ ਸਥਿਤੀ ਵਿਗਾੜਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਵੱਲੋਂ ਚੋਰਾਂ, ਲੁਟੇਰਿਆਂ ਅਤੇ ਗੁੰਡਾ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠੇਗੀ।

# ਕਤਰ ਨੇ ਸਾਬਕਾ ਨੇਵੀ ਅਫ਼ਸਰਾਂ ਨੂੰ ਮਿਲੀ ਮੌਤ ਦੀ ਸਜ਼ਾ 'ਤੇ ਰੋਕ

ਨਵੀਂ ਦਿੱਲੀ, 28 ਦਸੰਬਰ (ਪੋਸਟ ਬਿਊਰੋ): ਕਤਰ ਦੀ ਇੱਕ ਅਦਾਲਤ ਨੇ ਕਥਿਤ ਜਾਸੂਸੀ ਮਾਮਲੇ ਵਿੱਚ ਭਾਰਤੀ ਜਲ ਸੈਨਾ ਦੇ ਅੱਠ ਸਾਬਕਾ ਕਰਮਚਾਰੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਵਿਦੇਸ਼ ਮੰਤਰਾਲੇ ਨੇ ਵੀਰਵਾਰ ਨੂੰ ਕਿਹਾ ਕਿ ਭਾਰਤੀ ਜਲ ਸੈਨਾ ਦੇ ਅੱਠ ਸਾਬਕਾ ਕਰਮਚਾਰੀਆਂ ਨੂੰ ਸੁਣਾਈ ਗਈ ਮੌਤ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ ਗਈ ਹੈ।

ਦੱਸ ਦੇਈਏ ਕਿ ਅਕਤੂਬਰ ਵਿੱਚ ਕਤਰ ਦੀ ਇੱਕ ਅਦਾਲਤ ਨੇ ਕਥਿਤ ਜਾਸੂਸੀ ਦੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਭਾਰਤੀ ਜਲ ਸੈਨਾ ਦੇ ਅੱਠ ਸਾਬਕਾ ਕਰਮਚਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਦੋਹਾ ਸਥਿਤ ਦਾਹਰਾ ਗਲੋਬਲ ਦੇ ਸਾਰੇ ਕਰਮਚਾਰੀਆਂ, ਭਾਰਤੀ ਨਾਗਰਿਕਾਂ ਨੂੰ ਅਗਸਤ 2022 ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ। ਪਿਛਲੇ ਮਹੀਨੇ ਭਾਰਤ ਨੇ ਮੌਤ ਦੀ ਸਜ਼ਾ ਖਿਲਾਫ ਕਤਰ ਸਥਿਤ ਅਪੀਲੀ ਅਦਾਲਤ ਤੱਕ ਪਹੁੰਚ ਕੀਤੀ ਸੀ।

